
### ਸਿੱਖ ਮੁੱਟਿਆਰਾਂ ਤੇ ਮਨੋਵਿਗਿਆਨਕ ਹਮਲਾ

# ਸੁਆਲ ਕੌਮੀਂ ਗੈਰਤ ਦਾ




-ਮਨਮੋਹਨ ਸਿੰਘ ਜੰਮੂ

ਮਨੋਵਿਗਿਆਨਕ ਹਮਲਾ

# ਸੁਆਲ ਕੌਮੀਂ ਗੈਰਤ ਦਾ

ਮਨਮੋਹਨ ਸਿੰਘ (ਜੰਮੂ)

ਪ੍ਰਕਾਸ਼ਕ

**ਨਾਨਕਸ਼ਾਹੀ ਪਬਲੀਕੇਸ਼ਨ ਜੰਮੂ-ਕਸ਼ਮੀਰ**

# ਤਤਕਰਾ

ਇਸ ਕਿਤਾਬ ਦੇ ਵਿਸ਼ੇ ਹਨ:-


ਰੂਹ ਅਧਿਆਤਮ ਤੇ ਮਨੋਵਿਗਿਆਨਕ [illegible] – 9

ਔਰਤਾਂ ਤੇ ਹਮਲਿਆਂ ਦਾ ਪਿੱਛੋਕੜ। – 11

ਹਮਲੇ ਦਾ ਮਨੋਵਿਗਿਆਨਕ ਢੰਗ। – 14

ਸਿੱਖ ਵਿਦਿਅਕ ਅਦਾਰੇ ਅਤੇ ਵਿਦਿਆਰਥੀ। – 18

ਨੌਜਵਾਨਾਂ ਪ੍ਰਤੀ ਮੁਟਿਆਰਾਂ ਦੀ ਸੋਚ। – 20

ਮੀਡੀਏ ਦਾ ਰੋਲ। – 23

ਪਰਿਵਾਰਾਂ ਦੀ ਕਾਰਗੁਜ਼ਾਰੀ। – 25

ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਭੂਮਿਕਾ। – 27

ਪ੍ਰਚਾਰਕਾਂ ਦੀ ਸੇਵਾ। – 27

ਨੌਜਵਾਨਾਂ ਦਾ ਫ਼ਰਜ਼ ਬਣਦਾ ਹੈ। – 28

ਮੁਟਿਆਰਾਂ ਜੱਥੇਬੰਦ ਹੋਣ। – 30

ਅਖ਼ਬਾਰ ਤੇ ਮੈਗਜ਼ੀਨ । – 32

ਪਾਖੰਡੀ ਸਾਧਾਂ ਤੋਂ ਬਚਕੇ। – 32

ਸਾਧ ਰਾਮ ਰਹੀਮ ਦੀ ਚੇਲੀ ਦਾ ਖਤ। – 34

ਫੈਸ਼ਨ ਦਾ ਰੋਗ – 38

ਸੈਕਸ ਸਕੈਂਡਲ। – 41

ਫਿਰਕੂ ਜੱਥੇਬੰਦੀਆਂ ਦੀ ਭੂਮਿਕਾ। – 44

ਆਰ.ਐਸ.ਐਸ ਦਾ ਗੁਪਤ ਸੰਦੇਸ਼ ਪਤਰ। – 46

ਇਸਾਈ ਮਿਸ਼ਨਰੀਆਂ ਦੀ ਪ੍ਰੇਮ ਛੂਹ-ਸਹਿਯੋਗ ਨੀਤੀ। – 48

ਖ਼ਲੀਫ਼ਾ ਮੂਵਮੈਂਟ ਦਾ ਗੁਪਤ ਸੰਦੇਸ਼ ਪਤਰ। – 50


ਹਮਲੇ ਅਤੇ ਸਿੱਖ ਆਗੂਆਂ ਦਾ ਕਿਰਦਾਰ। – 52

ਹਮਲੇ ਤੋਂ ਬਚਾਵ ਕਿਵੇਂ ਹੋਵੇ। – 53

ਭੱਟਕਦੇ ਹੋਏ ਕਦਮ-ਕੁਝ ਹਦਾਇਤਾਂ। - 54
ਕਲ ਦੀ ਗੁਲਾਮ ਅਤੇ ਅਜ਼ ਦੀ ਆਜ਼ਾਦ ਔਰਤ। -56
ਔਰਤ ਬਾਰੇ ਵਿਦਵਾਨਾਂ ਦੀ ਰਾਇ। -58
ਕੌਮਾਂ ਦੀ ਔਰਤ ਪ੍ਰੱਤੀ ਪਹੁੰਚ। - 59
ਬੁਧ ਤੇ ਜੈਨ ਮਤ। —59
ਇਸਾਈਅਤ । —59
ਇਸਲਾਮ । —60
ਹਿੰਦੂ ਮਤ। — 61
ਗੁਰਮਤਿ ਅਤੇ ਔਰਤ। — 65, ਹੱਡ ਬੀਤੀ-ਜੱਗ ਬੀਤੀ-70
ਪੰਜਾਬ ਨੂੰ ਚਰਿੱਤਰਹੀਣ ਬਨਾਉਣ ਦੀ ਸਾਜ਼ਿਸ਼ -83
ਮੈਨੂੰ ਸਿੱਖ ਹੋਨ ਤੇ ਮਾਣ ਹੈ। — 85
ਖ਼ੂਨ ਸ਼ਹੀਦਾਂ ਦਾ। — 86
ਧੀਆਂ। — 87
ਸਿਰਦਾਰਨੀ ਹਰ ਵਿਹੜੇ ਦੀ — 79

ਸਿੱਖ ਮੁੱਟਿਆਰਾਂ ਤੇ ਮਨੋਵਿਗਿਆਨਕ ਹਮਲਾ

# ਸੁਆਲ ਕੌਮੀਂ ਗੈਰਤ ਦਾ




-ਮਨਮੋਹਨ ਸਿੰਘ ਜੰਮੂ

ਸਿੱਖ ਮੁਟਿਆਰਾਂ 'ਤੇ ਮਨੋਵਿਗਿਆਨਕ ਹਮਲਾ

# ਸੁਆਲ ਕੌਮੀ ਗ਼ੈਰਤ ਦਾ

**MANMOHAN SINGH (JAMMU)**
**SHANE-E-KHALSA DASTAR HOUSE**
**Near Ashram, Digiana National Highway,**
**Jammu (J& K)-180010**

***ਲੇਖਕ*** : ਮਨਮੋਹਨ ਸਿੰਘ (ਜੰਮੂ )
ਨੇੜੇ ਸੰਤ ਮੇਲਾ ਸਿੰਘ ਟੈਕਨੀਕਲ ਆਸ਼ਰਮ, ਡਿਗਿਆਨਾ ਨੈਸ਼ਨਲ ਹਾਈਵੇ
ਡਾਕ : ਗੰਗਿਆਲ, ਜੰਮੂ (ਜੰਮੂ-ਕਸ਼ਮੀਰ)-180010
(ਮੋਬਾਇਲ) 97964-48557
Email : smsjammu78@yahoo.in.
**www. Shamsheer JK.word press.com**
**www.punjabspectrum.com**
**www.sikhshahadatnews.com**

© ਸਭ ਹੱਕ ਰਾਖਵੇਂ ਹਨ ਬਿਨਾਂ ਇਜਾਜ਼ਤ ਕੋਈ ਮੈਟਰ ਲੈ ਕੇ ਛਾਪਿਆ ਨਾ ਜਾਵੇ।

***ਵਿਸ਼ੇਸ਼ ਧੰਨਵਾਦ***- ਅਕਾਲ ਪੁਰਖ ਜੀ

***ਪ੍ਰਕਾਸ਼ਕ*** - ਨਾਨਕਸ਼ਾਹੀ ਪਬਲੀਕੇਸ਼ਨ (ਜੰਮੂ-ਕਸ਼ਮੀਰ)

***ਪਹਿਲੀ ਵਾਰ*** - 2011

***ਸਹਿਯੋਗ ਰਾਸ਼ੀ 40/-***

# ਸਮਰਪਣ

ਸਮੂਹ ਕੌਮੀ ਜੁਝਾਰੂਆਂ, ਸ਼ਹੀਦਾਂ, ਲੇਖਕਾਂ
ਪ੍ਰਚਾਰਕਾਂ ਦੇ ਪਰਿਵਾਰਾਂ ਅਤੇ
ਦੁਨੀਆਂ ਭਰ ਦੀਆਂ
ਉਨ੍ਹਾਂ ਤਮਾਮ ਧੀਆਂ-ਭੈਣਾਂ, ਮਾਵਾਂ
ਨੂੰ ਜਿਨ੍ਹਾਂ ਨੇ ਸੱਚ, ਹੱਕ, ਇਨਸਾਫ਼,
ਆਜ਼ਾਦੀ ਲਈ ਕਿਸੇ ਵੀ ਪ੍ਰਕਾਰ ਦੀ
ਸੇਵਾ ਵਿੱਚ
ਯੋਗਦਾਨ ਦਿੱਤਾ।

# ਮਨੋਵਿਗਿਆਨਕ ਹਮਲਾ-ਸੌਆਲ ਕੌਮੀਂ ਗੈਰਤ ਦਾ

ਬੜੇ ਖਤਰੇ ਮੇ ਹੈ ਹੁਸਨ-ਏ-ਗੁਲਿਸਤਾਂ,ਹਮ ਯੇ ਕਹਿਤੇ ਹੈਂ।
ਅੰਦਰ ਤਕ ਆ ਗਈ ਹੈਂ ਆਗ ਕੀ ਲਪਟੇ,ਹਮ ਯੇ ਕਹਿਤੇ ਹੈਂ

...ਸਿੱਖਾਂ ਦੀ ਇਕ ਆਦਤ ਨੂੰ ਜੀਵਨ ਅਤੇ ਇਤਿਹਾਸ ਵਿਚ ਅਨੇਕਾਂ ਥਾਵਾਂ ਤੇ ਵੇਖਿਆ ਹੈ ਜੇ ਸਿੱਖਾਂ ਨੂੰ ਕੋਈ ਰੋਹਬ ਨਾਲ ਅੰਮ੍ਰਿਤ ਦੇਵੇ ਤਾਂ ਪੀਂਦੇ ਨਹੀਂ,ਪਿਆਰ ਨਾਲ ਕੋਈ ਜ਼ਹਿਰ ਵੀ ਦੇਵੇ ਤਾਂ ਝੱਟ ਪੀ ਜਾਂਦੇ ਹਨ।

"ਮੌਤ ਨੂੰ ਮਖੌਲਾਂ ਕਰਣ,ਮਰਣ ਥੀ ਨਹੀਂ ਡਰਦੇ।
ਪਿਆਰ ਨਾਲ ਇਹ ਕਰਣ ਗੁਲਾਮੀਂ ਵੈਂ ਨ ਮੰਨਣ ਕਿਸੇ ਦੀ ।"

ਸਿੱਖਾਂ ਦੀ ਇਸ ਆਦਤ ਨੂੰ ਮੁਖ ਰਖਦਿਆਂ ਹੀ ਹੁਣ ਇਹ ਨੀਤੀ ਘੜੀ ਗਈ ਹੈ ਕਿ ਸਿੱਖਾਂ ਨੂੰ ਸਵੀਟ ਪੋਇਜ਼ਨ ਦਿੱਤਾ ਜਾਵੇ।ਆਪ ਜੀ ਨੂੰ ਯਾਦ ਹੋਵੇਗਾ 1978-84 ਦੇ ਦੌਰ ਵਿਚ ਸਿੱਖ ਵਿਰੋਦੀ ਤਾਕਤਾਂ ਨੇ ਨਾਹਰੇ ਲਾਏ ਸਨ -"ਐਸਾ ਸਬਕ ਸਿੱਖਾਂਇਗੇ ਯਾਦ ਕਰੇਗਾ ਖ਼ਾਲਸਾ " ਇਨ੍ਹਾਂ ਨਾਹਰਿਆਂ ਨੂੰ ਅਮਲ ਵਿਚ ਲਿਆਂਦਾ ਜਾ ਰਿਹਾ ਹੈ,ਫਰਕ ਬਸ ਇਨ੍ਹਾਂ ਹੈ ਕਿ ਸਿੱਖਾਂ ਨੂੰ ਖ਼ਤਮ ਕਰਣ ਦੇ ਢੰਗ ਕੁਜ ਨਵੇਂ ਵੀ ਘੜ ਲਏ ਗਏ ਹਨ।"ਵਕਤ ਬਦਲ ਗਏ ਨੇ,ਢੰਗ ਬਦਲ ਗਏ ਨੇ।ਨਾਂਦਰਾਂ ਦੇ ਚਿਹਰੇ ਮੋਹਰੇ,ਰੰਗ ਬਦਲ ਗਏ ਨੇ।"

ਖ਼ਾਲਸਾ ਜੀ! ਮਾਫ ਕਰਣਾ ਬਹੁਤੇ ਸਿੱਖਾਂ ਦਾ ਇਹ ਸੁਬਾਅ ਬਣਦਾ ਜਾ ਰਿਹਾ ਹੈ "ਜਦ ਤਕ ਸੇਕ ਨਾ ਲੱਗੇ ਅਗ ਦਾ ਪਤਾ ਹੀ ਨਹੀਂ ਲਗਦਾ" ਕਹਾਵਤ ਹੈ- 'ਡੁੱਬੀ ਤਾਂ, ਜੇ ਸਾਹ ਨਾ ਆਇਆ
ਸਿੱਖਾਂ ਤੋਂ ਆਹਮੋਂ ਸਾਮਣੇ ਵਾਲੀ ਜੰਗ ਵਿਚ ਮਾਤ ਖਾਣ ਤੋਂ ਬਾਅਦ ਵਿਰੋਧੀ ਧਿਰਾਂ ਨੇ ਅੰਦਰੂਨੀ-ਕੁੱਟਨੀਤਕ-ਅਦਿਖ ਜੰਗ ਛੇੜੀ ਹੋਈ ਹੈ ਜਿਸ ਨੂੰ ਸਾਧਾਰਨ ਮਨੁਖ ਸਮਜ ਨਹੀਂ ਸਕਦਾ,ਇਸ ਹਮਲੇ ਨੂੰ ਇਸ ਕ੍ਰਿਤਾਬ ਵਿਚ ਮਨੋਵਿਗਿਆਨਕ ਹਮਲੇ ਦਾ ਨਾਂ ਦਿਤਾ ਗਿਆ ਹੈ। "ਧੰਨ ਗੁਰੂ ਸਮਰਥ ਬੈਠ ਇਨ ਹੂੰ ਸਮਜਾਏ ਹੈ "

ਬਾਕੀ ਅੰਦਰ ਪੜੋ ->>>>>ਮਨਮੋਹਨ ਸਿੰਘ {ਜੰਮੂ}



# ਹੁਨ ਮੁਟਿਆਰਾਂ ਤੇ ਮਨੋਵਿਗਿਆਨਕ ਹਮਲਾ

## ਸੁਆਲ ਕੌਮੀਂ ਗੈਰਤ ਦਾ -ਮਨਮੋਹਨ ਸਿੰਘ {ਜੰਮੂ}




ਖ਼ਾਲਸਾ ਪੰਥ ਵਿਚ ਔਰਤ ਨੂੰ ਬਾਕੀ ਕੌਮਾਂ ਅਤੇ ਮਰਦ ਦੇ ਮੁਕਾਬਲੇ ਸਭ ਤੋਂ ਵੱਧ ਸਤਿਕਾਰ ਦਿੱਤਾ ਗਿਆ ਹੈ। ਗੁਰੂ ਕਾਲ ਤੋਂ ਵਰਤਮਾਨ ਸਿੱਖ ਇਤਿਹਾਸ ਵਿਚ ਹਜ਼ਾਰਾਂ ਸਿੱਖ ਬੀਬੀਆਂ ਦੇ ਨਾਂ ਵੱਖੋ-ਵੱਖ ਖੇਤਰਾਂ,ਮੱਨੁਖਤਾ ਦੀ ਸੇਵਾ,ਸਿਮਰਨ{ਭਗਤੀ},ਫੌਜੀ ਰਹਿਨੁਮਾਈ {ਸ਼ਕਤੀ}ਅਤੇ ਸ਼ਹੀਦੀ ਤਵਾਰੀਖ 'ਚ ਦਰਜ਼ ਹਨ। ਜੋ ਵਰਤਮਾਨ ਤੇ ਭਵਿਖ ਦੀਆਂ ਮੁਟਿਆਰਾਂ ਲਈ ਰੋਲ ਮਾਡਲ ਹਨ। ਯਾਦ ਰਹੇ ਇਤਿਹਾਸ ਇਸ ਲਈ ਸਿਰਜੇ ਤੇ ਲਿਖੇ ਜਾਂਦੇ ਹਨ ਤਾਂ ਜੋਂ ਸਾਡੀ ਆਉਣ ਵਾਲੀ ਨਸਲ ਉਸ ਤੋਂ ਪ੍ਰੇਨਾ ਲੈਕੇ, ਗੌਰਵਮਈ ਇਤਿਹਾਸ ਸਿਰਜ ਸਕੇ ।ਪਰ ਕੀ ਅਜ ਦੀ ਸਿੱਖ ਜਵਾਨੀ ਅਜਿਹਾ ਇਤਿਹਾਸ ਸਿਰਜ ਰਹੀ ਹੈ,ਜਿਸ ਉਤੇ ਭਵਿਖ ਮਾਣ ਕਰ ਸਕੇ ? ਦੁਨੀਆਂ ਵਿਚ ਜਦ ਵੀ ਕੋਈ ਦੇਸ਼ ਕਿਸੇ ਦੂਜੇ ਦੇਸ਼ ਤੇ ਹਮਲਾ ਕਰਦਾ ਹੈ ਜਾਂ ਕੋਈ ਅਜ਼ਾਦੀ ਲਹਿਰ ਚਲਦੀ ਹੈ ਤਾਂ ਸਭ ਤੋਂ ਵਧ ਦਰਦ ਤੇ ਜ਼ੁਲਮ ਔਰਤ ਨੂੰ ਹੀ ਹੰਢਾਣਾ ਪੈਂਦਾ ਹੈ।ਲਾਸ਼ਾਂ ਇਸ ਪਾਸੇ ਤੋਂ ਡਿੱਗਣ ਜਾਂ ਉਸ ਪਾਸੇ ਤੋਂ ਕੁਖ ਮਾਂਵਾਂ ਦੀ ਹੀ ਸੁੱਨੀਂ ਹੁੰਦੀ ਹੈ,ਵੀਰ ਭੈਣਾਂ ਦੇ ਮਰਦੇ ਹਨ,ਘਰ ਔਰਤਾਂ ਦੇ ਹੀ ਉਜੜਦੇ ਹਨ।

ਜੇ ਇਕ ਦੇਸ਼ ਦੀ ਫੌਜ ਦੂਜੇ ਦੇਸ਼ ਤੇ ਕਾਬਜ ਹੋ ਜਾਂਦੀ ਤਾਂ ਫਿਰ ਵੀ ਫੌਜਾਂ ਦੀ ਹੈਵਾਨੀਅਤ ਦਾ ਕਹਿਰ ਔਰਤਾਂ ਨੂੰ ਜਰਨਾਂ ਪੈਂਦਾ,ਕਦੀ ਅਖੌਤੀ ਊਚ ਜਾਤੀਆਂ ਦੇ ਨਾਂ ਤੇ ਔਰਤਾਂ ਨੂੰ ਜ਼ਿਆਦਤੀਆਂ ਦਾ ਸ਼ਿਕਾਰ ਹੋਣਾ ਪੈਂਦਾ ਰਿਹਾ ਹੈ ।

ਔਰਤਾਂ ਤੇ ਹਮਲਿਆਂ ਦਾ ਇਤਿਹਾਸ ਬੜਾ ਪੁਰਾਣਾ ਹੈ,ਪਰ ਅਜੋਕਾ ਹਮਲਾ ਸਭ

ਤੋਂ ਵੱਧ ਮਾਰੂ-ਮਨੋਵਿਗਿਆਨਕ ਹੈ ।ਜਿਸ ਦਾ ਮੁਕਾਬਲਾ ,ਗੁਰਮਤਿ ਅਧਾਰਤ ਜੀਵਣ ਜੀਓ ਕੇ ਅਤੇ ਨਵੀਨ ਤਕਨੀਕਾਂ ਅਪਨਾ ਕੇ ਕੀਤਾ ਜਾ ਸਕਦਾ ਹੈ।ਕਿਉਂਕਿ ਸਮੇਂ ਨਾਲ ਹਾਕਮਾਂ,ਹਥਿਆਰਾਂ,ਹਮਲਿਆਂ ਦੇ ਰੂਪ,ਰੰਗ,ਢੰਗ ਬਦਲ ਜਾਂਦੇ ਹਨ ।

ਅਜੋਕੇ ਮਾਂ-ਬਾਪ,ਅਖੌਤੀ,ਜੱਥੇਦਾਰ,ਪ੍ਰਧਾਨ-ਸਕੱਤਰ,ਸੰਤ-ਮਹੰਤ,ਬਾਬੇ,ਗ੍ਰੰਥੀ-ਰਾਗੀ,ਪ੍ਰਚਾਰਕ,ਰਾਜਨੀਤਿਕ ਆਗੂ,ਕੌਮ ਤੇ ਹੋ ਰਹੇ ਮਨੋਵਿਗਿਆਨਕ ਹਮਲੇ ਤੋਂ ਕੌਮ ਨੂੰ ਸੁਚੇਤ ਕਰਣ ਵਿਚ ਪੂਰੀ ਤਰਾਂ ਨਾਕਾਮ ਦਿਖਾਈ ਦੇ ਰਹੇ ਹਨ ।

ਇਸ ਲਈ ਹੁਣ ਕੌਮ ਦੇ ਦਰਦੀਆਂ ਨੂੰ ਆਪ ਹੀ ਇਹ ਫਰਜ਼ ਪੂਰਾ ਕਰਣਾ ਚਾਹੀਦਾ ਕਿ ਉਹ ਕੌਮ ਨੂੰ ਮਨੋਵਿਗਿਆਨਕ ਹਮਲੇ ਤੋਂ ਬਚਾਉਣ ਅਤੇ ਆਗਾਹ ਕਰਣ ਦੇ ਨਾਲ-ਨਾਲ ਇਸ ਹਮਲੇ ਨੂੰ ਗਿਆਨ ਖੜਗ ਨਾਲ ਨੈਸਤੋ ਨਾਬੂਦ ਕਰ ਦੇਣ ਲਈ ਸਰਗਰਮ ਹੋ ਜਾਵੇ ।

ਇੱਥੇ ਸ੍ਰ.ਸੇਵਕ ਸਿੰਘ'ਸਿੱਖ ਸੱਟੂਡੈਂਟ ਫੈਡਰੇਸ਼ਨ' ਵਾਲਿਆਂ ਦੇ ਵੀਚਾਰ ਢੁਕਵੇਂ ਹਨ:- "ਮਨੋਵਿਗਿਆਨਕ ਜੰਗ ਵਿਚ ਗਿਣਤੀ ਜਾਂ ਹਥਿਆਰਾਂ ਦੇ ਮੁਕਾਬਲੇ ਇਸ ਗੱਲ ਦੀ ਮਹੱਤਤਾ ਵਧੇਰੇ ਹੁੰਦੀ ਹੈ ਕਿ ਕਿਹੜੀ ਧਿਰ ਅਪਣੀ ਪਛਾਣ ਬਾਰੇ ਕਿੰਨੀ ਚੇਤੰਨ ਹੈ।"



# ਔਰਤਾਂ ਤੇ ਹਮਲਿਆਂ ਦਾ ਪਿਛੋਕੜ...



ਵਰਤਮਾਨ ਨੂੰ ਸਮਝਣ ਲਈ ਕੁੱਝ ਪਿਛੋਕੜ ਤੇ ਝਾਤ ਮਾਰਨੀ ਜ਼ਰੂਰੀ ਹੈ।ਭਾਰਤ ਦੀਆਂ ਪ੍ਰਸਿੱਧ ਕਹਾਣੀਆਂ ਵਿਚ ਔਰਤ ਨੂੰ ਕਿਵੇਂ ਵੇਚਿਆ,ਜੂਏ 'ਚ ਹਾਰਿਆ,ਅੱਗ ਰਾਹੀਂ ਪਰਖਿਆ,ਬ੍ਰਾਹਮਣ, ਮੁਲਾਣੇ, ਬੋਧੀ ਭਿੱਕਸ਼ੂ, ਆਦਿ ਪੁਜਾਰੀਆਂ ਵਲੋਂ ਲਤਾੜਿਆ ਅਤੇ ਭੰਡਿਆਂ ਗਿਆ ਹੈ,ਜਿਸ ਦੀ ਇਕ ਲੰਮੀਂ ਦਾਸਤਾਂ ਹੈ।ਔਰਤ ਨੇ ਜਦ ਵੀ ਆਪਣੇ ਵਜੂਦ ਤੇ ਸਨਮਾਨ ਲਈ ਅੱਖ ਚੁੱਕ ਕੇ ਗਲ ਕਰਣ ਦੀ ਹਿੰਮਤ ਕੀਤੀ ਤਾਂ ਉਸਨੂੰ ਦੇਵੀ-ਲੱਛਮੀਂ ਜਾਂ ਬੇਗਮ ਆਖਕੇ ਮੂਰਖ ਬਣਾ ਦਿਤਾ ਗਿਆ।

ਹਿੰਦੂ ਸਮਾਜ ਵਲੋਂ ਭਗਵਾਨ ਕਹੇ ਜਾਂਦੇ ਲੋਕਾਂ ਦੀ ਗਲ ਕਰੀਏ ਤਾਂ ਕਹਾਣੀ ਲੰਮੀ ਹੋ ਜਾਵੇਗੀ, ਇਸ ਲਈ ਅਸੀ ਗਲ ਬੁੱਧ ਕਾਲ ਤੋਂ ਅਰੰਭ ਕਰਦੇ ਹਾਂ।

ਭਾਰਤ ਵਿਚੋਂ ਬੁੱਧ ਮਤ ਨੂੰ ਖਤਮ ਕਰ ਕੇ ਹਿੰਦੂ ਸਮਾਜ ਵਿਚ ਗਰਕ ਕਰਣ ਲਈ ਬੋਧੀਆਂ ਦੀਆਂ ਔਰਤਾਂ ਉਤੇ ਬ੍ਰਾਹਮਣ, 'ਸ਼ੰਕਰਾਚਾਰੀਏ'ਦੀ ਸਰਪ੍ਰੱਸਤੀ ਹੇਠ ਹਿੰਦੂ ਰਾਜਿਆਂ-ਹਾਕਮਾਂ ਵਲੋਂ ਦਿਲ-ਦਹਿਲਾ ਦੇਨ ਵਾਲੇ ਜ਼ੁਲਮ ਢਾਹੇ ਗਏ,ਇੱਥੋਂ ਤਕ ਕਿ ਗਰਭਵਤੀ ਬੋਧੀ ਔਰਤਾਂ ਦੇ ਢਿੱਡ ਪਾੜ ਕੇ ਅਣਜੰਮੇ ਬੱਚੇ ਬਾਹਰ ਸੁੱਟ ਦਿਤੇ ਗਏ।

ਫਿਰ ਭਾਰਤ ਵਿਚ ਮੁਸਲਿਮ ਹਾਕਮਾਂ ਦਾ ਦੌਰ ਆਇਆ ਤਾਂ ਉਨ੍ਹਾਂ ਨੇ ਓਹੀ ਸਲੂਕ ਹਿੰਦੂ ਔਰਤਾਂ ਨਾਲ ਕੀਤਾ ਜੋ ਹਿੰਦੂ ਹਾਕਮਾਂ ਨੇ ਬੋਧੀਆਂ ਨਾਲ ਕੀਤਾ ਸੀ।

ਭਾਰਤ ਵਿਚ ਇਕ ਦੌਰ ਸਿੱਖ ਰਾਜ ਦਾ ਆਇਆ ਜੱਦ ਪੰਜਾਹ ਸਾਲਾਂ ਤਕ ਖਾਲਸਾਈ ਰਾਜ {ਖ਼ਾਲਿਸਤਾਨ}ਦਾ ਪਰਚਮ ਹਿੰਦ ਦੀ ਸਰ ਜ਼ਮੀਨ ਤੇ ਲਹਿਰਾਉਂਦਾ ਰਿਹਾ ਅਤੇ ਇਸ ਦੌਰਾਨ ਸਰਕਾਰ-ਏ-ਖ਼ਾਲਸਾ ਦੇ ਅਧੀਨ ਇਲਾਕਿਆਂ ਵਿਚ ਸਿੱਖ ਹਾਕਮਾਂ ਵਲੋਂ ਕਿਸੇ ਵੀ ਕੌਮ ਦੀ ਕਿਸੇ ਔਰਤ ਉਤੇ ਜ਼ੁਲਮ ਦੀ ਕੋਈ ਵੀ ਘੱਟਨਾ ਨਹੀਂ ਵਾਪਰਨ ਦਿੱਤੀ ਗਈ।ਕਿਉਂਕਿ ਸਿੱਖਾਂ ਨੂੰ ਮਰਦ-ਏ-ਕਾਮਲ-ਬਾਬਾ-ਏ-ਕੌਮ,ਬਾਬਾ

ਨਾਨਕ ਸਾਹਿਬ ਦਾ ਹੁਕਮ ਹੈ:

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"ਅਤੇ ਮੀਰੀ-ਪੀਰੀ ਦੇ ਮਾਲਕ ਦਾ ਹੁਕਮ ਹੈ "ਔਰਤ ਇਮਾਨ ਹੈ"


ਜੇ ਮੁਗਲ ਹਾਕਮਾਂ ਨੇ,ਹਿੰਦੂ ਔਰਤਾਂ ਨੂੰ ਗਜ਼ਨੀ ਦੀਆਂ ਮੰਡੀਆਂ ਰਾਹੀਂ ਅਰਬ ਦੇਸ਼ਾਂ ਵਿਚ, ਦੋ ਦਿਨਾਰ {੨੫ ਤੋਂ ੬੦ ਪੈਸੇ ਵਿਚ} ਬੇਚਿਆਂ ਤਾਂ ਘੱਟ ਹਿੰਦੂ ਹਾਕਮਾਂ-ਪੁਜਾਰੀਆਂ ਨੇ ਵੀ ਨਾ ਕੀਤੀ ।ਉਨ੍ਹਾਂ ਨੇ ਤਾਂ ਔਰਤ ਨੂੰ ਅਪਣੀ ਹਵਸ ਦਾ ਸ਼ਿਕਾਰ ਬਨਾਉਣ ਲਈ,ਦੇਵ ਪ੍ਰਥਾ ਦੇ ਨਾਂ ਹੇਠ ਮੰਦਰਾਂ ਨੂੰ ਜਿਸਮ ਫਰੋਸ਼ੀ ਦੇ ਅੱਡਿਆਂ ਵਜੋਂ ਇਸਤੇਮਾਲ ਕੀਤਾ। ਕਾਮਸੂਤਰ ਗ੍ਰੰਥ ਦਾ ਸਹਾਰਾ ਲੈਕੇ ਮੰਦਰਾਂ ਵਿਚ ਅਸ਼ਲੀਲ ਮੂਰਤੀਆਂ ਸਥਾਪਤ ਕੀਤੀਆਂ ਗਈਆਂ ਅਤੇ ਪੁਜਾਰੀਆਂ ਨੇ ਹਿੰਦੂ ਜੰਤਾ ਨੂੰ ਮੂਰਖ ਬਣਾਕੇ ਉਨ੍ਹਾਂ ਤੋਂ ਕੁੜੀਆਂ ਦਾਨ ਵਜੋਂ ਪਰਾਪਤ ਕੀਤੀਆਂ।ਜਿਨਾ ਦਾ ਪੁਜ਼ਾਰੀਆਂ ਅਤੇ ਰਾਜਿਆਂ ਵਲੋਂ ਰੱਜ ਕੇ ਸ਼ੋਸ਼ਣ ਕੀਤਾ ਜਾਂਦਾ ਰਿਹਾ।ਦੱਖਣ ਭਾਰਤ ਵਿਚ ਅਤੇ ਰਾਮ ਰਹੀਮ ਤੇ ਆਸ਼ੂਤੋਸ਼,ਦਇਆਨੰਦ ਪਾਂਡੇ,ਜੋਤੀ ਪ੍ਰਕਾਸ਼ ,ਨਿਤਿਆਨੰਦ ਸੁਆਮੀ,ਵਰਗੇ ਕਈਂ ਸਾਧਾਂ ਦੇ ਡੇਰਿਆਂ ਵਿਚ ਤਾਂ ਅਜ ਵੀ ਇੰਝ ਹੀ ਹੋ ਰਿਹਾ ਹੈ।ਲਾਲਾ ਦੋਲਤ ਰਾਏ {ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ}ਵਿਚ ਲਿਖਦਾ ਹੈ "ਵੈਸ਼ਨਵ ਫਿਰਕੇ ਨੇ ਤਾਂ ਹਦ ਹੀ ਮੁਕਾ ਦਿੱਤੀ ਤੇ ਇਸ ਮਰਜ਼ ਨੂੰ ਘਾਤਕ ਰੂਪ ਦੇ ਦਿਤਾ।ਲੋਕ ਐਸ਼ ਵਲ ਅਜਿਹੇ ਖਿੱਚੇ ਗਏ ਕਿ ਆਰਾਮ-ਪ੍ਰਸਤੀ ਨੇ ਕੌਮੀ ਤਾਕਤ ਦਾ ਉਕਾ ਹੀ ਖ਼ਾਤਮਾ ਕਰ ਦਿਤਾ।ਤਨ ਮਨ ਧਨ ਸਭ ਕੁਝ ਬ੍ਰਾਹਮਣ{ਗੁਰੂ}ਨੂੰ ਅਰਪਨ ਕਰ ਕੇ ਕੋਮ ਕੇਵਲ ਲੰਗੋਟੀ ਵਿਚ ਰੰਗ-ਰਲੀਆਂ ਮਾਨਣ ਲਗ ਪਈ।"

ਹਿੰਦੂ ਸਮਾਜ ਵਿਚ ਔਰਤਾਂ ਤੇ ਜ਼ੁਲਮ ਕਰਣ ਲਈ ਮੰਨੂ ਸਿਮ੍ਰਤੀ ਇਕ ਤਰਾਂ ਨਾਲ ਲੀਗਲ ਸਰਟੀਫਕੇਟ ਸਾਬਤ ਹੋਈ ਅਤੇ ਇਸਲਾਮ ਵਿਚ ਔਰਤ ਨੂੰ ਮੁਸਲਮਾਨਾਂ ਦੀ ਜਨ ਸੰਖਿਆ ਵਧਾਉਣ ਲਈ ਇਕ ਸਾਧਨ ਵਜੋਂ ਵਰਤਿਆ ਗਿਆ।ਇਕ ਮਰਧ ਨੂੰ ਚਾਰ ਔਰਤਾਂ ਨਾਲ ਨਿਕਾਹ ਕਰਣ ਦਾ ਅਧੀਕਾਰ ਦਿਤਾ ਗਿਆ ਅਤੇ ਇਸ ਤਰਾਂ ਔਰਤ ਪਰਦੇ ਦੀ ਗੁਲਾਮ ਬਣ ਕੇ ਰਹਿ ਗਈ।



੧੯੪੭ ਦੀ ਵੰਡ ਸਮੇ,ਸਿੱਖ,ਮੁਸਲਿਮ ਤੇ ਹਿੰਦੂ,ਔਰਤਾਂ ਦਾ ਵੱਡੀ ਗਿੱਣਤੀ ਵਿਚ ਰੱਤ,ਪੱਤ,ਸੱਤ, ਰੌਂਦਿਆ ਗਿਆ।

ਫਿਰ ਭਾਰਤ ਅਜ਼ਾਦ ਹੋਇਆ,ਪਰ ਇਹ ਅਜ਼ਾਦੀ ਸਿੱਖ ਤੇ ਦਲਿਤ ਔਰਤਾਂ ਲਈ ਮੁਗਲ ਤੇ ਅੰਗਰੇਜ਼ ਹਾਕਮਾਂ ਦੇ ਰਾਜ ਕਾਲ ਤੋਂ ਵੱਧ ਜ਼ਾਲਮ ਤੇ





ਜ਼ਨਾਹਕਾਰ ਸਾਬਤ ਹੋਈ ਹੈ ਜਿਸਦੀ ਪ੍ਰਤੱਖ ਗਵਾਹੀ ਹੈ।ਦਿਲੀ ਅਤੇ ਪੰਜਾਬ ਵਿਚ ਉਹ ਲੱਖਾਂ ਸਿੱਖ ਔਰਤਾਂ ਜਿਨ੍ਹਾਂ ਦੇ ਬੱਚੇ,ਪਤੀ,ਭਰਾਵਾਂ ਨੂੰ ਅੱਤਵਾਦ ਦੇ ਨਾਂ ਹੇਠ ਸਰਕਾਰੀ ਅੱਤਵਾਦ ਵਲੋਂ ਕਤਲ ਕੀਤਾ ਗਿਆ ਅਤੇ ਔਰਤਾਂ ਨਾਲ ਗੈਂਗਰੇਪ ਕਰਕੇ,ਉਨਾਂ ਦਾ ਧਾਰਮਿਕ,ਸ਼ਰੀਰਕ,ਮਾਨਸਿਕ,ਸਮਾਜਿਕ ਅਤੇ ਭਾਵਨਾਤਮਕ ਕਤਲ ਕੀਤਾ ਗਿਆ।

ਦੇਸ਼ ਦੀ ਰਾਜਧਾਨੀ ਅੰਦਰ ਹਿੰਦ ਦੀ ਚਾਦਰ ਕਹੇ ਜਾਂਦੇ ਗੁਰੂ ਤੇਗਬਹਾਦਰ ਜੀ ਦੀਆਂ ਬੱਚੀਆਂ ਦੀ ਰੱਤ ਡੋਲੀ ਗਈ ਅਤੇ ਪੱਤ ਲੁੱਟੀ ਗਈ। ਜਿਸਦਾ ੨੯ ਸਾਲਾਂ ਤੋਂ ਉਹ ਇੰਨਸਾਫ ਮੰਗ ਰਹੀਆਂ ਹਨ।ਜੋ ਸਿਆਸੀ ਪਾਰਟੀਆਂ ਅਜ਼ ਸਿੱਖ ਔਰਤਾਂ ਨੂੰ ਇਨਸਾਫ ਦਿਲਾਉਣ ਦਾ ਢੋਂਗ ਕਰ ਰਹੀਆਂ ਹਨ,ਉਹ ਖੁਦ ਮੁਸਲਮਾਨ,ਈਸਾਈ ਅਤੇ ਦਲਿਤ ਔਰਤਾਂ ਨਾਲ ਉਹ ਸਭ ਕੁਝ ਕਰ ਚੁਕੀਆਂ ਹਨ,ਜੋ ਸਿੱਖ ਔਰਤਾਂ ਨਾਲ ਹੋਇਆ ਹੈ।

ਅਜ ਸੰਸਾਰ ਵਿਚ ਸੋਚ ਤੇ ਤਕਨੀਕ ਵਿਚ ਵੱਡੀ ਤਬਦੀਲੀ ਆਈ ਹੈ, ਜਿਸ ਨਾਲ ਔਰਤਾਂ ਤੇ ਜ਼ੁਲਮ ਅਤੇ ਦੂਜੀਆਂ ਕੌਮਾਂ ਨੂੰ ਖਤਮ ਕਰਣ ਦੇ ਢੰਗ ਵੀ ਬਦਲ ਗਏ ਹਨ।ਜਿਸ ਵਿਚੋਂ ਮਨੋਗਿਆਨਕ ਢੰਗ ਸਭ ਤੋਂ ਵੱਧ ਘਾਤਕ ਹੈ।ਜਿਸਦਾ ਇਸਤੇਮਾਲ ਅੱਜ ਸਿੱਖ ਬੀਬੀਆਂ ਤੇ ਕੀਤਾ ਜਾ ਰਿਹਾ ਹੈ।ਜਿਸ ਦੇ ਜੁਆਬ ਵਿਚ ਸਿੱਖਾਂ ਨੂੰ ਵੀ ਸਦੀਆਂ ਪੁਰਾਨੇ ਢੰਗ ਤਰੀਕਿਆਂ ਦੀ ਥਾਂ ਨਵੀਨ ਤਕਨੀਕ ਪ੍ਰਣਾਲੀ ਨੂੰ ਵਰਤੋਂ ਵਿਚ ਲਿਆਣਾ ਚਾਹੀਦਾ ਹੈ ਅਤੇ ਬੁਧ ਮਤ ਵਾਂਗ ਭਾਰਤ ਚੋਂ ਸਿੱਖ ਧਰਮ ਨੂੰ ਖਤਮ ਕਰਣ ਵਾਲੇ ਹਿੰਦੂਰਾਸ਼ਟਰ ਵਾਦੀ ਤਾਕਤਾਂ ਦੇ ਨਾਪਾਕ ਇਰਾਦੇ ਨੂੰ ਹਮੇਸ਼ਾਂ ਲਈ ਠਲ ਪਾ ਦੇਨੀ ਚਾਹੀਦੀ ਹੈ।

# ਹਮਲੇ ਦਾ ਮਨੋਵਿਗਿਆਨਕ ਢੰਗ...




ਕਲ ਤਕ ਸਿੱਖਾਂ ਦੀਆਂ ਦੁਸ਼ਮਣ ਬਣੀਆਂ ਤਾਕਤਾਂ ਔਰਤਾਂ ਨੂੰ ਤਾਕਤ,ਲਾਲਚ,ਡਰ,ਤਸੀਹੇ ਅਤੇ ਸਾਰੇ ਬ੍ਰਹਮ ਅੱਸਤਰ,ਕਾਲੇ,ਨੀਲੇ, ਕਲਾਮ,ਵਰਤ ਕੇ ਵੀ ਬਾਬਾ ਨਾਨਕ ਸਾਹਿਬ ਦੇ ਘਰ ਤੋਂ ਤੋੜਨ ਵਿਚ ਨਾਕਾਮ ਰਹੀਆਂ ਅਤੇ ਸਿੱਖੀ ਸਿਧਕ ਅੱਗੇ ਹਕੂਮਤਾਂ ਨੂੰ ਗੋਡੇ ਟੇਕਣੇ ਪਏ।ਇਸੇ ਲਈ ਹੁਣ ਹਮਲਾ ਦਿਲ-ਦਿਮਾਗ ਤੇ ਹੈ । ਮਨੋਵਿਗਿਆਨਕ ਹਮਲਾ ਸਾਹਮਣੇ ਵਾਲੀ ਵਿਰੋਧੀ ਧਿਰ ਨੂੰ ਇਸ ਕਦਰ ਮਜਬੂਰ ਕਰ ਦੇਂਦਾ ਹੈ ਕਿ ਉਹ ਅਪਣਾ ਆਪ ਅਪਣੇ ਹੱਥੀਂ ਖਤਮ ਕਰ ਦੇਣ ਲਈ ਮਜਬੂਰ ਹੋ ਜਾਵੇ ਅਤੇ ਬਰਬਾਦੀ ਤੋਂ ਪਹਿਲਾਂ ਤਾਂ ਪਤਾ ਹੀ ਨਾ ਲਗੇ ਕਿ ਕੋਈ ਹਮਲਾ ਹੋ ਰਿਹਾ ਹੈ।ਇਹ ਤੁਫਾਨ ਤੋਂ ਪਹਿਲਾਂ ਵਾਲੀ ਸ਼ਾਂਤੀ ਵਰਗਾ ਹਮਲਾ ਹੈ ।

ਮੈਂ ਸਿੱਖਾਂ ਦੀ ਇਕ ਆਦਤ ਨੂੰ ਜੀਵਨ ਅਤੇ ਇਤਿਹਾਸ ਵਿਚ ਅਨੇਕਾਂ ਥਾਵਾਂ ਤੇ ਵੇਖਿਆ ਹੈ ਜੇ ਸਿੱਖਾਂ ਨੂੰ ਕੋਈ ਰੋਹਬ ਨਾਲ ਅੰਮ੍ਰਿਤ ਵੀ ਦੇਵੇ ਤਾਂ ਪੀਂਦੇ ਨਹੀਂ,ਪਿਆਰ ਨਾਲ ਕੋਈ ਜ਼ਹਿਰ ਵੀ ਦੇਵੇ ਤਾਂ ਝੱਟ ਪੀ ਜਾਂਦੇ ਹਨ। ਤਾਹੀਂ ਪ੍ਰੋ. ਪੂਰਨ ਸਿੰਘ ਜੀ ਲਿਖਦੇ ਹਨ :-

"ਮੌਤ ਨੂੰ ਮਖੌਲਾਂ ਕਰਣ,ਮਰਣ ਥੀ ਨਹੀਂ ਡਰਦੇ।ਪਿਆਰ ਨਾਲ ਇਹ ਕਰਣ ਗੁਲਾਮੀਂ ਟੈਂ ਨ ਮੰਨਣ ਕਿਸੇ ਦੀ ।"ਸਿੱਖਾਂ ਦੀ ਇਸ ਆਦਤ ਨੂੰ ਮੁਖ ਰਖਦਿਆਂ ਹੀ ਹੁਣ ਇਹ ਨੀਤੀ ਘੜੀ ਗਈ ਹੈ ਕਿ ਸਿੱਖਾਂ ਨੂੰ ਸਵੀਟ ਪੋਇਜ਼ਨ ਦਿੱਤਾ ਜਾਵੇ ।'ਬਲਿਊ ਸਟਾਰ' ਜਾਂ 'ਸ਼ਾਂਤੀ ਉਪਰੇਸ਼ਨ' ਦੀ ਥਾਂ ਅਜੋਕੇ ਹਮਲਿਆਂ ਨੂੰ ਫਿਰਕੂ ਤਨਜ਼ੀਮਾਂ ਨੇ 'ਲਵ ਜਹਾਦ ਤੇ ਪ੍ਰੇਮ ਯੁੱਧ' {ਉਪਰੇਸ਼ਨ}ਨਾ ਦਿੱਤਾ ਹੈ।

ਜਿਸ ਨੂੰ ਸਮਝਣਾ ਬੋਹੁਤਿਆਂ ਲੋਕਾਂ ਲਈ ਔਖਾ ਹੁੰਦਾ ਹੈ ਕਿਉਂਕਿ ਉਨ੍ਹਾਂ ਨੇ ਨਾ ਤਾਂ ਚਾਣਕੇ ਦੀ 'ਸ਼ਾਮ-ਦਾਮ-ਦੰਢ-ਭੇਦ' ਨੀਤੀ ਪੜੀ ਹੁੰਦੀ ਹੈ ਅਤੇ ਨ ਹੀ ਸਿੱਖਾਂ ਦੀ ਸ਼ੰਘਰਸ਼ ਸ਼ੀਲ ਤਵਾਰੀਖ।

ਸਿੱਖਾਂ ਤੋਂ ਆਹਮੋ ਸਾਮਹਣੇ ਵਾਲੀ ਜੰਗ ਵਿਚ ਮਾਤ ਖਾਣ ਤੋਂ ਬਾਅਦ ਵਿਰੋਧੀ ਧਿਰਾਂ ਨੇ ਅੰਦਰੂਨੀ ਕੂਟਨੀਤਕ ਅਦਿਖ ਜੰਗ ਛੇੜੀ ਹੋਈ ਹੈ।

ਜਿਸ ਨੂੰ ਸਾਧਾਰਨ ਮਨੁਖ ਹਮਲਾ ਨਹੀਂ ਮਨ ਸਕਦਾ,ਨਾਂ ਹੀ ਹਮਲਾਵਰ ਉਤੇ ਕੋਈ ਦੋਸ਼ ਲਾ ਸਕਦਾ ਹੈ।ਜੇ ਕੁਝ ਕਰ ਸਕਦਾ ਹੈ ਤਾਂ ਬਸ ਅਪਨੇ ਲੌਕਾਂ ਨੂੰ ਇਸ ਹਮਲੇ ਤੋਂ ਸੁਚੇਤ।ਇਸ ਹਮਲੇ ਨੂੰ ਆਧੁਨਿਕ ਨੀਤੀ ਘਾੜਿਆਂ ਨੇ ਮਨੋਵਿਗਿਆਨਕ ਜੰਗ ਦਾ ਨਾਂ ਦਿਤਾ ਹੈ।

ਮੁਟਿਆਰਾਂ ਨੂੰ ਝੂਠੇ ਪ੍ਰੇਮ ਜਾਲ ਵਿਚ ਫਸਾਉਣਾ ਤੇ ਫਿਰ ਉਨ੍ਹਾ ਦਾ ਸ਼ੋਸ਼ਣ ਕਰਕੇ ਸਮਾਜ ਵਿਚ ਬਦਨਾਮ ਕਰਨਾ,ਸਿੱਖਾਂ ਨੂੰ ਕੇਸਾਧਾਰੀ ਹਿੰਦੂ ਕਹਿਨਾ,ਸਿੱਖਾਂ ਨੂੰ ਹਿੰਦੂ ਤਿਉਹਾਰਾਂ ਤੇ ਹਿੰਦੂ ਰੀਤੀ ਰਿਵਾਜਾਂ ਰਾਹੀਂ ਸਿੱਖੀਂ ਸਿੱਧਾਂਤਾਂ ਤੋਂ ਦੂਰ ਕਰਨਾ।

ਅਜਿਹੇ ਮਾਹੋਲ ਦੀ ਸਿਰਜਨਾ ਕਰਨੀ ਕਿ ਸਿੱਖ ਜੰਮਣ ਤੋਂ ਮਰਣ ਤਕ ਅਤੇ ਮਰਣ ਤੋਂ ਬਾਅਦ ਤਕ ਦੀ ਹਰ ਰਸਮ ਗੁਰਮਤਿ ਸਿੱਧਾਤਾਂ ਦੀ ਥਾਂ ਹਿੰਦੂ ਮੱਤ ਅਨੁਸਾਰ ਕਰਣ ਲਈ ਮਜਬੂਰ ਹੋ ਜਾਵੇ।ਇਹ ਮਨੋਵਿਗਿਆਨਕ ਹਮਲੇ ਦਾ ਹੀ ਹਿਸਾ ਹੈ।

ਇਨ੍ਹਾਂ ਹਮਲਿਆਂ ਦਾ ਹੀ ਨਤੀਜਾ ਹੈ ਕਿ ਅਜ ਮੁਟਿਆਰਾਂ ਆਪਣੀ ਮਰਜ਼ੀ ਨਾਲ ਆਪਣਾ ਆਪ ਸਈਅਦਾਂ ਤੋਂ ਲੁਟਵਾ ਰਹੀਆਂ ਹਨ।

ਅਜ ਕਲ ਅਕਸਰ ਵੇਖਣ ਵਿਚ ਆਉਂਦਾ ਹੈ ਕਿ ਸ਼ੈਤਾਨੀ ਦਿਮਾਗ ਵਾਲੇ ਨੌਜਵਾਨ ਮੁਟਿਆਰਾਂ ਦੇ ਸ਼ਿਕਾਰ ਲਈ, ਭਰੋਸੇ ਦੀ ਪਿਟਾਰੀ ਹੇਠ,ਪਿਆਰ ਦਾ ਚੋਗਾ ਸੁੱਟਦੇ ਹਨ ਹੈ,ਸ਼ਿਕਾਰ ਨੂੰ ਫਸਾਉਣ ਲਈ,ਹੋਟਲ,ਰੈਸਟੋਰੈਂਟ,ਕਾਰਾਂ-ਗੱਡੀਆਂ,ਕੀਮਤੀ ਕਪੜੇ-ਮੋਬਾਈਲ ਅਤੇ ਰੰਗੀਨ ਦੁਨੀਆ ਦੇ ਖੁਆਬ ਦਿਖਾਏ ਜਾਂਦੇ ਹਨ ।ਜਦ ਇਕ ਮੁੱਟਿਆਰ ਇਸ ਦਾ ਸ਼ਿਕਾਰ ਬਣ ਜਾਂਦੀ ਤਾਂ ਉਸ ਮੁਟਿਆਰ ਦੀ ਹੀ ਦੂਜੀ ਸਾਥਣ ਸ਼ਿਕਾਰੀ ਦੇ ਦੂਜੇ ਸਾਥੀ ਦਾ ਸ਼ਿਕਾਰ ਬਣਦੀ ਹੈ ਅਤੇ ਸ਼ਿਕਾਰ ਹੋਂਣ ਵਾਲੀਆਂ ਦੀ ਗਿਣਤੀ ਵੱਧਦੀ ਜਾਂਦੀ ਹੈ।ਅਜਿਹੀ ਖਬਰਾਂ ਹਰ ਸਟੇਟ ਤੇ ਦੇਸ਼ ਵਿਚੋਂ ਅਕਸਰ ਮਿਲ ਜਾਂਦੀਆਂ ਹਨ,ਹਰ ਕੌਮ ਨਾਲ ਇੰਝ ਹੋ ਰਿਹਾ ਹੈ ਪਰ ਸਿੱਖਾਂ ਨੂੰ ਇਸ ਤੋਂ ਸੁਚੇਤ ਹੋ ਹਾਨਾ ਚਾਹੀਦਾ ਹੈ।

ਕਿਉਕਿ ਮੁਟਿਆਰਾਂ ਦੀ ਹੀ ਨਹੀਂ ਬਲਕਿ ਸਮੁਚੀ ਸਿੱਖ ਕੌਮ ਦੀ ਇਹ ਆਦਤ ਬਣ ਚੁਕੀ ਹੈ। ਸਿੱਖ ਹਰ ਕਿਸੇ ਨਾਲ ਹਮਦਰਦੀ ਨਾਲ ਸਮਾਜਕ,ਧਾਰਮਕ,ਰਾਜਨੀਤਕ ਅਤੇ ਆਰਥਿਕ ਸਾਂਝ ਆਦਿ ਵੇਲੇ ਦਿਲ ਦੀਆਂ ਤੈਹਾਂ ਤੋਂ ਈਮਾਨਦਾਰ ਰਹਿੰਦਾ ਹੈ।{ਭਾਵੇਂ ਕਿ ਕੁਝ ਲੋਕ ਸਿੱਖਾਂ ਦੀਆਂ ਇਸ ਪਹਿਚਾਨ ਨੂੰ ਧੁੰਧਲਾ ਕਰ ਰਹੇ ਹਨ}ਹਮਲਾਵਰ-ਕਾਤਲ ਵਲੋਂ ਵਿਖਾਏ ਗਏ ਪਿਆਰ ਦੇ ਦੋ ਬੋਲ ਸਿੱਖਾਂ ਨੂੰ ਆਪਣੇ ਪਣ ਦਾ ਅਹਿਸਾਸ ਕਰਵਾ ਦੇਂਦੇ ਹਨ।ਦਿਖਾਵੇ ਦੀ ਥੋੜੀ ਜੇਹੀ ਹਮਦਰਦੀ ਸਿੱਖ ਨੂੰ ਸਹਿਯੋਗ ਤੇ ਭਰੋਸੇ ਲਈ ਮਜ਼ਬੂਰ ਕਰ ਦੇਂਦੀ ਹੈ।ਸਿੱਖ ਜੈਹਰੀਲੇ ਨਾਗ ਨੂੰ ਫੁੱਲਾਂ ਦਾ ਹਾਰ ਸਮਝ ਕੇ ਗਲ ਵਿਚ ਪਾ ਲੈਂਦਾ ਹੈ ਜੋ ਮੌਕਾਂ ਭਾਲਦਿਆਂ ਹੀ ਸਿੱਖ {ਕੌਮ}ਨੂੰ ਡਸ ਦੇਂਦਾ ਹੈ।

ਗੁਰੂ ਕਾਲ ਤੋਂ ੧੯੪੭ ਦੇ ਬਟਵਾਰੇ ਅਤੇ ੪੭ ਤੋਂ ਅਜ ਤਕ ਭਾਰਤ ਦੀਆਂ



ਸਮੂਚੀਆਂ ਰਾਜਨੀਤਕ ਪਾਰਟੀਆਂ ਅਤੇ ਵੱਖ ਵੱਖ ਵਿਚਾਰਧਾਰਵਾਂ ਦੇ ਬਹੁ ਗਿਣਤੀ ਲੋਕਾਂ ਦੀ ਸਿੱਖਾਂ ਪ੍ਰਤੀ ਸੋਚ-ਪਹੁੰਚ ਇਕੋ ਜੇਹੀ ਰਹੀ ਹੈ।

ਕਈਂ ਵਾਰ ਸਿੱਖ ਕੁੜੀਆਂ ਨੂੰ ਦੂਜੇ ਧਰਮ ਦੇ ਮੁੰਡੇ ਅਪਨੇ ਮਤਲਬ ਲਈ ਬੜਾ ਸਤਕਾਰ ਦੇਂਦੇ ਹਨ,ਕੁੜੀਆਂ ਦੇ ਪਰਿਵਾਰਾਂ ਨੂੰ ਵੀ ਝੁਕ-ਝੁਕ ਕੇ ਮਿਲਦੇ ਹਨ,ਭਰੋਸੇ ਦਾ ਮਾਹੌਲ ਸਿਰਜਨ ਤੋਂ ਬਾਅਦ,ਮੋਨੀ ਸ਼ਕਲ ਹਰ ਵੇਲੇ ਨੇੜੇ ਹੋਣ ਕਰਕੇ ਸੋਹਣੀ ਲੱਗਣ ਲਗ ਪੈਂਦੀ ਹੈ,ਨਿਕਾ ਨਿਕਾ ਮਜ਼ਾਕ,ਸਿੱਖੀ ਤੇ ਵੀ ਕਟਾਕਸ਼ ਕਰਨ ਲਗ ਪੈਂਦਾ ਹੈ,

"ਅਸਲ ਮੇਂ ਹਮਾਰਾ-ਤੁਮਾਰਾ ਧਰਮ ਏਕ ਹੀ ਜੈਸਾ ਹੈ"

ਦੀ ਡੋਜ਼ ਵੀ ਦਿੱਤੀ ਜਾਂਦੀ ਹੈ।ਇਸ ਦਾ ਜਦ ਸਿੱਖ ਮੁਟਿਆਰ ਵਲੋਂ ਬੁਰਾ ਨਹੀਂ ਮਨਾਇਆ ਜਾਂਦਾ,ਤਾਂ ਪਤਾ ਲਗ ਜਾਂਦਾ ਹੈ ਕਿ ਹੁਣ ਸਿੱਖੀ ਵਾਲੀ ਅਣਖ ਗੁੰਮ ਹੋ ਚੁਕੀ ਹੈ,ਲੋਹਾ ਗਰਮ ਹੈ,ਹਥੋੜਾ ਮਾਰ ਦੇਣਾ ਚਹੀਦਾ ਹੈ।

ਨੇੜਤਾ ਵੱਧਣ ਲਗ ਪੈਂਦੀ ਹੈ,ਹੱਥ ਹੋਲੀ ਹੋਲੀ ਸ਼ਰੀਰ ਤਕ ਪੁਜਦੇ ਹਨ,ਜਿਨਾ ਨੂੰ ਕੁੜੀ ਵਲੋਂ ਰੋਕਿਆ ਨਹੀਂ ਜਾਂਦਾ, ਕੁਝ ਦੇਰ ਬਾਅਦ ਸਮਾਂ ਆ ਜਾਂਦਾ,ਜਿਸ ਲਈ ਸਭ ਪਾਪੜ ਵੇਲੇ ਗਏ ਹੋਂਦੇ ਹਨ।


ਫਿਰ ਉਹ ਸਭ ਕੁਝ ਹੋਂਦਾ ਹੈ ਜੋ ੧੯੪੭ ਵਿਚ ਕਬਾਈਲੀ {ਮੁਸਲਮਾਨਾਂ} ਵਲੋਂ ਅਤੇ ੧੯੮੪ ਤੋਂ ੧੯੯੩ ਤਕ ਭਾਰਤੀ ਫ਼ੋਰਸਾਂ ਤੇ ਹਿੰਦੂ ਰਾਸ਼ਟਰਵਾਦੀ ਤਾਕਤਾਂ ਵਲੋਂ ਹਥਿਆਰ ਅਤੇ ਹਕੂਮਤ ਦੇ ਬਲਬੂਤੇ ਕੀਤਾ ਗਿਆ ਹੈ।ਦੁਨੀਆਂ ਦੀ ਚਕਾਚੌਂਧ ਵਿਚ ਮਸਤ ਹੋਈਆਂ ਮੁਟਿਆਰਾਂ ਨੂੰ ਜਦ ਤਕ ਹੋਸ਼ ਆਉਂਦੀ ਹੈ,ਸਭ ਕੁਝ ਲੁਟ ਚੁਕਿਆ ਹੋਂਦਾ ਹੈ।

ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੈ:-

"ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥
ਘੜੀ ਮੁਹਤ ਰੰਗ ਮਾਣਹਿ,ਫਿਰਿ ਬਹੁਰਿ ਬਹੁਰਿ ਪਛਤਾਵਹਿ॥"

ਯਾਦ ਰਹੇ ਇਸ ਹਮਲੇ ਦਾ ਸਾਹਮਣਾ ਜੋਸ਼ ਤੇ ਜਬਰਦਸਤੀ ਨਾਲ ਨਹੀਂ ਬਲਕਿ ਹੋਸ਼ ਤੇ ਹਲੀਮੀਂ ਨਾਲ ਹੋਂਦਾ ਹੈ।ਪਰ ਅਪੀਲ-ਦਲੀਲ-ਵਕੀਲ ਦੀ ਸੀਮਾਂ ਖਤਮ ਹੋ ਜਾਣ ਤੇ ਕਈਂ ਥਾਵਾਂ ਤੇ ਸਿੱਧਾਤ ਮੁਤਾਬਕ ਸ਼ਮਸ਼ੀਰ-ਏ-ਦਸਤ ਨੂੰ ਚੇਤੇ ਰਖਣਾ ਵੀ ਫਰਜ਼ ਹੈ।

ਇਥੇ ਇਹ ਗਲ ਪੱਲੇ ਬੰਨਣੀ ਜਰੂਰੀ ਹੈ ਕਿ ਜੋ ਸਿੱਖ ਜੱਥੇਬੰਦੀ ਜਾਂ ਸਿੱਖ ਇਸ



ਮਨੋਵਿਗਿਆਨਕ ਹਮਲੇ ਤੋਂ ਅਪਣੇ ਖੇਤਰ ਜਾਂ ਸਟੇਟ ਦੇ ਭਾਈਚਾਰੇ ਨੂੰ ਬਚਾਉਣ ਦਾ ਯਤਨ ਕਰਣਾ ਚਾਉਂਦਾ ਹੈ,ਉਸ ਨੂੰ ਗੁਰਮਤਿ ਸਿੱਧਾਤ ਤੇ ਸਿੱਖ ਇਤਿਹਾਸ ਪੁਰਾਤਨ ਤੇ ਵਰਤਮਾਨ ਨੂੰ ਚੰਗੀ ਤਰਾਂ ਪੜ੍ਹ ਲੈਣਾਂ ਚਾਹੀਦਾ ਹੈ।ਕਿਉਕਿ ਹਰ ਸਟੇਟ-ਦੇਸ਼ ਤੇ ਇਲਾਕੇ ਦੀਆਂ ਸਮੱਸਿਆਵਾਂ ਵਖੋ ਵੱਖਰੀਆਂ ਹਨ। ਹਮਲਾਵਰ ਵੀ ਵੱਖਰੇ ਹਨ ਤੇ ਢੰਗ ਵੀ । ਕਈਂ ਵਾਰ ਛੋਟੀ ਜੇਹੀ ਗਲਤੀ ਕੌਮਾਂ ਦਾ ਵੱਡਾ ਨੁਕਸਾਨ ਵੀ ਕਰਵਾ ਦੇਂਦੀ ਹੈ।

ਤੁਸੀ ਕਦੀ ਵੇਖਿਆ ਹੈ ਕਿ ਕਿਸੇ ਸ਼ੇਰਨੀ ਦਾ ਵਿਆਹ ਕਿਸੇ ਭਿੱਫ ਜਾਂ ਗੱਧੇ ਨਾਲ ਹੋਇਆ ਹੋਵੇ ?

ਵੇਖਿਆ ਹੈ ਤਾਂ ਫਿਰ ਭੁਲੇਖੇ ਵੀ ਹੋ ਸਕਦਾ ਹੈ। ਆਪ ਜੀ ਨੂੰ ਪਤਾ ਹੋਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਗੱਧੇ ਤੇ ਸ਼ੇਰ ਦੀ ਖਲ ਪਾਕੇ ਸਮਝਾਇਆ ਸੀ ਕਿ ਅਜਿਹੇ ਸਿੱਖ ਨਹੀਂ ਬਣਨਾ। ਜਿਨ੍ਹਾਂ ਦੇ ਨਾਂ ਅਤੇ ਸੂਰਤਾਂ ਸਿੱਖਾਂ ਵਾਲੀਆਂ ਹੋਣ, ਪਰ ਅੰਦਰੋਂ ਨਿਰੇ ਖੋਤੇ-ਗਦੇ {ਭੇਖੀ}ਹੋਣ। ਅਜਿਹੇ ਲੋਕਾਂ ਭੇਖੀਆਂ ਕਰਕੇ ਹੀ ਅਜ ਸਿੱਖੀ ਬਦਨਾਮ ਹੋ ਰਹੀ ਹੈ।

ਵਿਧਵਾਨ-ਸ੍ਰ.ਸੇਵਕ ਸਿੰਘ ਲਿਖਦਾ ਹੈ:-


"ਜਿਨਾ ਚਿਰ ਕੋਈ ਧਿਰ ਆਪਣੀ ਪਛਾਣ ਬਾਰੇ ਚੇਤੰਨ ਹੈ ਉਸਦਾ ਸਰੀਰਕ ਜਾਂ ਮਾਲੀ ਨੁਕਸਾਨ ਤਾਂ ਕੀਤਾ ਜਾ ਸਕਦਾ ਹੈ,ਪਰ ਕੌਮੀਂ ਨੁਕਸਾਨ ਨਹੀਂ ਕੀਤਾ ਜਾ ਸਕਦਾ।ਪਰ ਜੇ ਕੋਈ ਧਿਰ ਦੁਸ਼ਮਣ ਦੀ ਮਾਰ ਹੇਠ ਆਕੇ ਆਪਣੀ ਵਿਰਾਸਤ ਦੇ ਰਾਹ ਤੋਂ ਉਖੜ ਜਾਵੇ ਫਿਰ ਹਰ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ।"


# ਸਿੱਖ ਵਿਦਿਅਕ ਅਦਾਰੇ ਅਤੇ ਵਿਦਿਆਰਥੀ....

ਜਦ ਕੌਮਾਂ ਅਤੇ ਪਰਿਵਾਰਾਂ ਚੋਂ ਕੋਈ ਬੱਚਾ ਸਮਾਜ ਵਿਚ ਉੱਚ ਅਹੁਦਾ ਸੰਭਾਲਦਾ ਹੈ ਜਾਂ ਕੋਈ ਵੱਡੀ ਮੰਜਿਲ ਨੂੰ ਸਰ ਕਰ ਲੈਂਦਾ ਹੈ,ਤਾਂ ਉਸ ਵੇਲੇ ਪਰਿਵਾਰ,ਇਲਾਕਾ ਅਤੇ ਸਮੁੱਚੀ ਕੌਮ ਨੂੰ ਫ਼ਖ਼ਰ ਮਹਿਸੂਸ ਹੁੰਦਾ ਹੈ।ਅਜ ਦੇ ਵਿਗਿਆਨਕ ਅਤੇ ਵਿਕਾਸ ਸ਼ੀਲ ਯੁੱਗ ਵਿਚ ਹਰ ਕੌਮ ਦਾ ਸੁਪਨਾ ਹੈ ਕਿ ਉਸਦੀ ਕੌਮ ਸਭ ਤੋਂ ਵੱਧ ਪੱੜੀ ਲਿਖੀ ਅਤੇ ਜ਼ਮਾਨੇ ਦੇ ਹਾਣ ਦੀ ਹੋਵੇ ਅਤੇ ਸਾਡੀ ਕੌਮ ਦਾ ਹਰ ਬੱਚਾ ਕਿਸੇ ਸਨਮਾਨਯੋਗ ਖੇਤਰ ਵਿਚ ਨਾਮਣਾ ਖੱਟੇ।ਇਸ ਸਬੰਧ ਵਿਚ ਦੁਨੀਆਂ ਭਰ ਵਿਚ ਸਿੱਖਾਂ ਨੇ ਸਕੂਲ ਤੇ ਕਾਲਜ ਉਸਾਰੇ ਹਨ ਅਤੇ ਆਪਣੀ ਇਸ ਸਫਲਤਾ ਉਤੇ ਮਾਣ ਵੀ ਕੀਤਾ ਜਾਂ ਰਿਹਾ ਹੈ।

ਮਾਫ ਕਰਨਾ ਵੀਰੋ-ਭੈਣੋ ! ਜੇ ਬੱਚੇ ਨੂੰ ਅਸੀ ਪੜ੍ਹਾ-ਲਿਖਾ ਕੇ ਡਾਕਟਰ,ਵਕੀਲ,ਇੰਜੀਨੀਅਰ,ਜੱਜ,ਪੁਲਿਸ ਅਤੇ ਫੌਜੀ ਆਫੀਸਰ ਤਾਂ ਬਣਾ ਲਿਆ। ਪਰ ਇਕ ਗੁਰਸਿੱਖ ਪਾਇਲਟ,ਗੁਰਸਿੱਖ ਜੱਜ,ਵਕੀਲ,ਨਹੀਂ ਬਣਾ ਸਕੇ। ਫਿਰ ਸਿੱਖਾਂ ਦੇ ਬਚਿਆਂ ਦੀ ਪੜ੍ਹਾਈ ਦਾ ਕੌਮ ਨੂੰ ਕੀ ਫਾਇਦਾ ?

ਜੇ ਇਸਾਈ,ਹਿੰਦੂ,ਮੁਸਲਿਮ,ਬੋਧੀ,ਜੈਨੀ ਅਪਣੇ ਵਿਦਿਅਕ ਅਦਾਰਿਆਂ ਵਿਚ ਆਪਣੇ ਮਤ ਦੇ ਵਿਕਾਸ ਦੀ ਗਲ ਕਰਦੇ ਹੋਏ ਆਪਣੇ-ਆਪਣੇ ਧਰਮ ਦੀ ਬੁਨਿਆਦ ਨੂੰ ਮਜ਼ਬੂਤ





ਕਰਣ ਲਈ ਨੌਜਵਾਨਾਂ ਨੂੰ ਦੁਨਿਆਵੀ ਵਿਦਿਆ ਦੇ ਨਾਲ ਧਾਰਮਿਕ ਵਿਦਿਆ ਦੇ ਰਹੇ ਹਨ,ਤਾਂ ਸਿੱਖ ਸਕੂਲਾਂ-ਖ਼ਾਲਸਾਂ ਕਾਲਜਾਂ ਵਿਚ ਅਜਿਹਾ ਕੁਝ ਕਿਉਂ ਨਹੀਂ ਹੋ ਰਿਹਾ ਹੈ ?


ਜਦੋਂ ਕਿ ਸਿੱਖ ਸਿੱਧਾਤਾਂ ਵਿਚ ਤਾਂ ਹਰ ਥਾਂ ਤੇ ਮਨੁੱਖਤਾ ਦੀ ਸੇਵਾ,ਸਰਬਤ ਦੇ ਭਲੇ ਦੀ ਗਲ ਦਸੀ ਗਈ ਹੈ।ਫਿਰ ਸਿੱਖ ਕਾਲਜ਼ਾਂ-ਸਕੂਲਾਂ ਵਿਚ ਕੋਈ ਧਾਰਮਿਕ ਕਲਾਸ ਜਾਂ ਸਬਜੈਕਟ ਕਿਉਂ ਨਹੀਂ ? ਇਹ ਵੀ ਇਕ ਘਾਟ ਹੈ ਜਿਸ ਕਰਕੇ ਸਿੱਖ ਸਕੂਲਾਂ-ਕਾਲਜਾ ਚੋਂ ਪੜ੍ਹੇ ਹੋਏ ਨੌਜਵਾਨ ਸਿੱਖੀ ਅਤੇ ਕੌਮੀਂ ਜੱਜ਼ਬੇ ਤੋਂ ਅਧੂਰੇ ਵੇਖੇ ਜਾਂਦੇ ਹਨ,ਕਿਸੇ ਇੱਕ ਅੱਧ ਕਾਲਜ ਜਾਂ ਸਕੂਲ ਦੀ ਭਾਵੇਂ ਇਹ ਕਹਾਣੀ ਨਾ ਹੋਵੇ,ਪਰ ਬਹੁਤਿਆਂ ਦੀ ਏਹੀ ਹਾਲਤ ਹੈ।

ਜੇ ਸਿੱਖ ਸਕੂਲਾਂ,ਕਾਲਜਾਂ ਨੇ ਕੌਮ ਦੀ ਝੋਲੀ ਵਿਚ ਧਰਮ ਤੋਂ ਅਨਪੜ,ਪਤਿਤ,ਨਸ਼ੇੜੀ,ਅਤੇ ਮਨਮਤੀ ਵਿਦਿਆਰਥੀਆਂ ਨੂੰ ਹੀ ਪਾਉਣਾ ਹੈ ਤਾਂ ਇਨਾ ਵਿਦਿਅਕ ਅਦਾਰਿਆਂ ਨੇ ਕੌਮ ਦਾ ਭਲਾ ਨਹੀਂ,ਬੇੜਾ ਹੀ ਗਰਕ ਕਰਣਾ ਹੈ।

ਇਨਾਂ ਕਾਲਜਾਂ ਦੀ ਹੀ ਦੇਨ ਹੈ ਕਿ ਅਜ ਸਿੱਖਾਂ ਦੀਆਂ ਪੜੀਆਂ ਲਿਖੀਆਂ-ਡਾਕਟਰ,ਵਕੀਲ,ਆਫੀਸਰ ਆਦਿ ਮੁੱਟਿਆਰਾਂ ਧਰਮ ਤੋਂ ਦੂਰ ਜਾ ਰਹੀਆਂ ਹਨ।ਸਿਆਣੇ ਆਖਦੇ ਹਨ,ਇਕ ਧੀ ਪੜ੍ਹੀ ਲਿਖੀ,ਸਮਝੋ ਤਿੰਨ ਪੀੜੀਆਂ ਪੜ੍ਹੀਆਂ ਲਿਖੀਆਂ। ਕੀ ਸਿੱਖ ਅਪਨੀ ਕੌਮ ਦੀਆਂ ਪੀੜ੍ਹੀਆਂ ਨੂੰ ਇਸੇ ਲਈ ਪੜ੍ਹਾ ਰਹੇ ਹਨ ਕਿ ਉਨਾ ਨੂੰ ਅੱਖਾਂ ਮੂੰਦ ਕੇ ਕਿਸੇ ਦੂਜੀ ਕੌਮ ਦੀ ਝੋਲੀ ਵਿਚ ਪਾ ਦਿੱਤਾ ਜਾਵੇ ?ਜੇ ਨਹੀਂ ਤਾਂ ਫਿਰ ਕੌਮ ਦੀ ਜਵਾਨੀ ਨੂੰ ਸਿੱਖ ਹੋਣ ਦਾ ਅਰਥ ਸਮਝਾਉ ਅਤੇ ਸਮਝੋ। ਅਸੀ ਕਹਿ ਸਕਦੇ ਹਾਂ ਕਿ ਕੁਝ ਸਿੱਖ ਪ੍ਰਿੰਸੀਪਲ ਇਸ ਖੇਤਰ ਵਿਚ ਬਹੁਤ ਵਧੀਆਂ ਕੌਮੀਂ ਫ਼ਰਜ਼ ਅਦਾ ਰਹੇ ਹਨ।ਪਰ ਖ਼ਾਲਸਾ ਜੀ! ਧਾਰਮਿਕ ਸੰਸਥਾਵਾਂ-ਡੇਰਿਆਂ-ਕਮੇਟੀਆਂ ਦੇ ਕਾਲਜਾਂ-ਸਕੂਲਾਂ ਵਿਚ ਜੋ ਗੈਰ ਸਿੱਖ-ਪ੍ਰੋਫੈਸਰ ਹਨ, ਦੱਸੋ ਉਨ੍ਹਾਂ ਤੋਂ ਸਿੱਖ ਵਿਦਿਆਰਥੀ ਕੀ ਗੁਰਮਤਿ ਵਿਦਿਆ ਲੇਣਗੇ ?

**"ਧੰਨ ਗੁਰੂ ਸਮਰਥ ਬੈਠ ਇਨ ਹੂੰ ਸਮਝਾਏ ਹੈ**
**ਧੰਨ ਗੁਰੁ ਕੇ ਸਿੱਖ ਬੁੱਧਿ ਕੇ ਨਿਕਟ ਨਹੀਂ ਐ ਹੈਂ॥"**

# ਨੌਜਵਾਨਾਂ ਪ੍ਰਤੀ ਮੁਟਿਆਰਾਂ ਦੀ ਸੋਚ



ਦਸਮੇਸ਼ ਯੂਥ ਆਰਗੇਨਾਇਜੇਸ਼ਨ ਜੰਮੂ ਕਸ਼ਮੀਰ ਵਲੋਂ ਕਸ਼ਮੀਰ ਦੇ ਇਤਿਹਾਸਕ ਗੁਰੂਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਰੈਣਾਵਾੜੀ ਵਿਖੇ ਤਿੰਨ ਰੋਜ਼ਾਂ ਸਿੱਖ ਯੂਥ ਚੇਤਨਾ ਕੈਂਪ ਲਗਾਇਆ ਗਿਆ,ਜਿਸ ਵਿਚ ਵੱਡੀ ਗਿਣਤੀ ਵਿਚ ਮੁਟਿਆਰਾਂ ਤੇ ਗੱਬਰੂਆਂ ਨੇ ਭਾਗ ਲਿਆ।ਕੈਂਪ ਵਿਚ ਮੁੰਡਿਆਂ ਵਲੋਂ ਕੁੜੀਆਂ ਬਾਰੇ ਗਹਿਰੀ ਚਿੰਤਾ ਪ੍ਰਗਟ ਕਿਤੀ ਗਈ।ਜਿਸਦੇ ਮੱਦੇ-ਨਜ਼ਰ ਕੁੜੀਆਂ ਦਾ ਇਕ ਵਖਰਾ ਗਰੂਪ ਬਣਾਕੇ ਇਸ ਮਸਲੇ ਉਤੇ ਸਾਡੇ ਵਲੋਂ ਰਾਏ ਇੱਕਤਰ ਕੀਤੀ ਗਈ।ਮੁੱਟਿਆਰਾਂ ਵਲੋਂ ਦਿਤੇ ਗਏ ਵਿਚਾਰਾਂ ਚੋਂ ਕੁਝ ਵਿਚਾਰ ਇਥੇ ਦੇ ਰਿਹੇ ਹਾਂ:-

? "ਅਮਨਦੀਪ ਕੌਰ-ਜੋ ਮੁੰਡੇ ਸਾਨੂੰ ਸਿੱਖ ਮਤ ਦੇਂਦੇ ਹਨ,ਉਨ੍ਹਾਂ ਨੇ ਖੁਦ ਖੰਡੇ ਦੀ ਪਾਹੁਲ ਨਹੀਂ ਲਈ ਹੁੰਦੀ,ਦ੍ਹਾੜੀ ਵੀ ਕਰਲਿੰਗ ਕੀਤੀ ਹੁੰਦੀ ਹੈ।ਪੱਗ ਦੀ ਥਾਂ ਆਪ ਨਿਕੂ-ਨਿਕੂ ਜੇਹੇ ਪਟਕੇ ਬੰਨੇ ਹੁੰਦੇ ਹਨ,ਉਨ੍ਹਾਂ ਨੂੰ ਕੀ ਹਕ ਹੈ ਸਾਨੂੰ ਕੁਝ ਕਹਿਣ ਦਾ"?

? "ਤਨਸ਼ੀਨ ਕੌਰ-ਬਾਕੀਆਂ ਵਲ ਵੇਖਕੇ ਸਿੱਖ ਕੁੜੀਆਂ ਵੀਂ ਫ੍ਰੈਂਡਸ਼ਿਪ ਕਰਣ ਲਗ ਪੈਂਦੀਆਂ ਹਨ,ਪਰ ਉਹ ਸਿੱਖ ਮੁੰਡਿਆਂ ਨਾਲ ਇਸ ਲਈ ਦੋਸਤੀ ਨਹੀਂ ਕਰਦੀਆਂ ਕਿਉਂਕਿ ਉਹ ਉਨ੍ਹਾਂ ਤੇ ਹੱਕ ਜਤਾ ਕੇ ਪਾਬੰਦੀਆਂ ਲਗਾਉਣੀਆਂ ਸ਼ੁਰੂ ਕਰ ਦੇਂਦੇ ਹਨ"

? "ਅਮਨਦੀਪ ਕੌਰ-ਜੋ ਸਿੱਖ ਨੌਜਵਾਨ ਸਾਬਤ ਸੂਰਤ ਹਨ,ਸੋਹਣੀਆਂ ਪੱਗਾਂ ਤੇ ਦਮਾਲੇ ਸਜ਼ਾਉਂਦੇ ਹਨ,ਹਰ ਕਿਸੇ ਨਾਲ ਪਿਆਰ ਸਤਿਕਾਰ ਨਾਲ ਮਿਲਦੇ ਹਨ,ਖੁੱਸ਼


ਮਿਜਾਜ਼ ਹਨ,ਉਨ੍ਹਾਂ ਨੂੰ ਸਿੱਖ ਤਾਂ ਕੀ ਸਾਡੀਆਂ ਮੁਸਲਿਮ ਤੇ ਹਿੰਦੂ ਸਹੇਲੀਆਂ ਵੀ ਫ੍ਰੈਂਡਸ਼ਿੱਪ ਅਤੇ ਮੈਰਿਜ਼ ਲਈ ਆਫਰ ਭੇਜਦੀਆਂ ਹਨ,ਜੇ ਸਾਰੇ ਸਿੱਖ ਨੌਜਵਾਨ ਅਜਿਹੇ ਸਿੱਖ ਮਾਡਲ ਹੋਣ ਤਾਂ ਸਿੱਖ ਕੁੜੀਆਂ ਕਦੀ ਵੀ ਦੂਜਿਆਂ ਨਾਲ ਦੋਸਤੀ ਨਾਂ ਕਰਣ"

? "ਮਨਪ੍ਰੀਤ ਕੌਰ-ਸਾਡੇ ਗੁਰੂਦੁਆਰਿਆਂ ਵਿਚ ਗ੍ਰੰਥੀ-ਰਾਗੀ-ਸੰਤ-ਪ੍ਰਚਾਰਕ-ਪ੍ਰਧਾਨ-ਆਦਿ ਬੁਲਾਰੇ ਸਿੱਖੀ ਬਾਰੇ ਨਵੀਨ ਢੰਗ ਦਾ ਪ੍ਰਚਾਰ ਨਹੀਂ ਕਰਦੇ ਅਤੇ ਸਿੱਖੀ ਦੀਆਂ ਮਹਾਨ ਖੂਬੀਆਂ ਬਾਰੇ ਦਸਦੇ ਹੀ ਨਹੀਂ।ਬਸ ਇਕ ਦੂਜੇ ਨੂੰ ਬੱਦਨਾਮ ਕਰਨ ਤੇ ਸਿਆਸੀ ਭਾਸ਼ਣ ਦੇਣ ਵਿੱਚ ਲਗੇ ਰਹਿੰਦੇ ਹਨ।ਜਿਨਾਂ ਮਸਲਿਆਂ ਤੇ ਵੀਰ ਜੀ ਤੁਸੀ ਵਿਚਾਰਾਂ ਕਰ ਰਹੇ ਹੋ ,ਇਹ ਗੱਲ੍ਹਾਂ ਕਦੀ ਸਾਡਿਆਂ ਗੁਰੂਦੁਆਰਿਆਂ ਜਾਂ ਘਰਾਂ ਵਿਚ ਹੁੰਦੀਆਂ ਹੀ ਨਹੀਂ,ਫਿਰ ਕੁੜੀਆਂ ਨੂੰ ਚੰਗੇ ਮਾੜੇ ਦਾ ਕਿਵੇਂ ਪਤਾ ਲਗੇਗਾ? "

? ਸੁਮਿਤਪਾਲ ਕੌਰ-ਅਸੀ ਜਿਨਾ ਮਰਜੀ ਕਹਿ ਲਈਏ ਮੁੰਡੇ ਕੁੜੀਆਂ ਇਕ ਬਰਾਬਰ ਹਨ,ਪਰ ਜੋ ਕਮ ਫੀਲਡ ਵਿਚ ਮੁੰਡੇ ਕਰ ਸਕਦੇ ਹਨ,ਕੁੜੀਆਂ ਨਹੀਂ ਕਰ ਸਕਦੀਆਂ,ਅਸੀਂ ਅੱਧੀ ਰਾਤ ਨੂੰ ਘਰ ਨਹੀਂ ਵੜ੍ਹ ਸਕਦੀਆਂ,ਇਕਲੀਆਂ ਦੂਰ ਨਹੀਂ ਜਾ ਸਕਦੀਆਂ,ਅਜਿਹੇ ਕੈਂਪ ਵੀ ਪੂਰੀ ਤਰਾਂ ਆਰਗੇਨਾਇਜ਼ ਨਹੀਂ ਕਰ ਸਕਦੀਆਂ,ਵਰਨਾ ਅਸੀ ਥਾਂ-ਥਾਂ ਜਾਕੇ ਕੁੜੀਆਂ ਨੂੰ ਚੇਤੰਨ ਕਰੀਏ।ਪਰ ਸਾਨੂੰ ਸਾਰੇ ਗੁ:ਪ੍ਰਬੰਧਕ ਕਮੇਟੀਆਂ ਲੀਡਰ ਤੇ ਕਸ਼ਮੀਰ ਦੇ ਨੌਜਵਾਨ ਦਸਨ ਕਿ ਵੀਰ ਜੀ ੭-੮ ਸਾਲ ਕੌਮ ਲਈ ਜੇਲ ਕੱਟਣ ਅਤੇ ਪਰਵਾਰ ਦੇ ਮੈਂਬਰ ਸ਼ਹੀਦ ਕਰਵਾਉਣ ਤੋਂ ਬਾਅਦ ਵੀ ਸਾਡੇ ਲਈ ਵਿੱਚਰ ਰਹੇ ਹਨ।ਪਰ ਕਿਨੇ ਕੁ ਨੌਜਵਾਨ ਭੈਣਾਂ ਤੇ ਵੀਰ ਇਨ੍ਹਾਂ ਦਾ ਸਾਥ ਦੇ ਰਹੇ ਹਨ? ਕਿਸੇ ਕਮੇਟੀ ਪ੍ਰਧਾਨ ਜਾਂ ਆਗੂ ਨੇ ਤਿੰਨ ਦਿਨਾਂ ਵਿਚ ਸਾਨੂੰ ਰਾਤ-ਦਿਨ ਇਥੇ ਵੇਖਕੇ ਕਦੀ ਪੁਛਿਆ ਹੈ ਕਿ ਤੁਹਾਨੂੰ ਕਿਸੇ ਚੀਜ਼ ਦੀ ਲੌੜ ਹੈ? ਕਿਸੇ ਨੇ ਪੁਛਿਆ ਹੈ ਵੀਰ ਜੀ ਸਾਰੇ ਖਰਚ ਕਿਵੇਂ ਅਰੇਂਜ ਕਰ ਰਹੇ ਹੋ ? ਉਲਟਾ ਉਨ੍ਹਾਂ ਨੂੰ ਡਰ ਇਹ ਹੈ ਕਿ, ਕਿਤੇ ਇਹ ਨੌਜਵਾਨ ਸਾਡੀਆਂ ਪ੍ਰਧਾਨਗੀਆਂ ਹੀ ਨਾਂ ਖੋਹ ਲੈਣ।ਦਸੋ ਘਾਟ ਕਿੱਥੇ ਹੈ? ਸਾਡੇ ਘਰਦਿਆਂ ਨੇ ਆਰਗੇਨਾਇਜ਼ੇਸ਼ਨ ਦੇ ਭਰੋਸੇ ਸਾਨੂੰ ਤਿਨ ਦਿਨਾਂ ਲਈ ਇਥੇ ਭੇਜਿਆਂ ਹੈ,ਬਾਕੀ ਮੁੰਡੇ ਵੀ ਇਹ ਭਰੋਸਾ ਤੇ ਜੁੰਮੇਵਾਰੀ ਕਿਉਂ ਨਹੀਂ ਨਿਭਾਉਂਦੇ ? ਸਿੱਖੀ ਤੋਂ ਮੁਨਕਰ ਹੋਣ ਦਾ ਸਾਰਾ ਦੋਸ਼ ਕੁੜੀਆਂ ਤੇ ਹੀ ਕਿਉਂ ?ਮੁੰਡੇ ਤੇ ਸਾਡੇ ਆਗੂ ਦੋਸ਼ੀ ਕਿਉਂ ਨਹੀਂ ?

? "ਸਰਬਜੀਤ ਕੌਰ-ਸਿੱਖ ਮੁੰਡਿਆਂ ਵਿਚ ਵਧ ਰਿਹਾ ਬਦਮਾਸ਼ੀ ਸਟਾਇਲ ਕੁੜੀਆਂ ਪਸੰਦ ਨਹੀਂ ਕਰਦੀਆਂ,ਕੁੜ੍ਹੀਆਂ ਨੂੰ ਹਸਮੁਖ ਤੇ ਚੁਪ ਰਹਿਣ ਵਾਲੇ ਜਾਂ ਸਾਰਿਆਂ ਨਾਲ ਵੱਧੀਆ ਬੀਹੇਵ ਕਰਣ ਵਾਲੇ ਚੰਗੇ ਲਗਦੇ ਹਨ।ਪਰ ਕਿਸੇ ਜ਼ੁਲਮ ਜਾਂ ਕੌਮੀਂ ਗੈਰਤ ਦੇ ਮੁੱਧੇ ਤੇ ਖੜ੍ਹਣ-ਅੜਨ-ਲੜਣ-ਮਰਣ ਵਾਲੇ ਵੀ ਹੋਣ,ਨਿਰੇ ਦਿਖਾਵੇ ਦੇ ਜਿੰਮਮੈਨ ਵੀ ਕੁੜੀਆਂ ਪਸੰਦ ਨਹੀਂ ਕਰਦੀਆਂ"।

? ਲੇਖਕ-ਇਹ ਤਾਂ ਤਾਂਹੀ ਹੋ ਸਕਦਾ ਹੈ,ਵੀਰੋ- ਭੈਣੋਂ ਜੱਦ ਸਾਡਾ ਲਾਇਫ ਸਟਾਇਲ ਖ਼ਾਲਸਾਈ ਸਿੱਧਾਂਤਾਂ ਤੇ ਅਧਾਰਤ ਹੋਵੇਗਾ।



ਇਸ ਦੇ ਨਾਲ ਹੀ ਸਾਨੂੰ ਇਕ ਇਸ ਘਾਟ ਵਲ ਵੀ ਧਿਆਨ ਦੇਣਾ ਚਾਹੀਦਾ ਹੈ,ਕਿ ਸਿੱਖ ਕੁੜੀਆਂ ਪੜ੍ਹਾਈ ਦੇ ਮਾਮਲੇ ਵਿਚ ਮੁਡਿਆਂ ਤੋਂ ਕਾਫੀ ਅਗੇ ਨਿਕਲ ਚੁਕੀਆਂ ਹਨ। ਦੂਜੇ ਪਾਸੇ ਸਿੱਖ ਮੁੰਡਿਆਂ ਵਿਚ ਨਸ਼ੇ ਤੇ ਪਤਿਤ ਪੁਣਾ ਹੱਦ ਬੰਨੇ ਟਪਦਾ ਜਾ ਰਿਹਾ ਹੈ।ਭਾਵੇਂ ਕਿ ਇਹ ਨਸ਼ੇ ਵੀ ਮਨੋਵਿਗਿਆਨਕ ਹਮਲੇ ਦਾ ਹਿਸਾ ਹਨ।ਪਰ ਇਸ ਹਮਲੇ ਨੂੰ ਰੋਕਣ ਵਿਚ ਸਾਡੀਆਂ ਸੰਸਥਾਵਾਂ-ਕਮੇਟੀਆਂ-ਡੇਰਿਆਂ ਦਾ ਰੋਲ ਨਕਾਰਾਤਮਕ ਹੈ,ਉਲਟਾ ਇਨਾਂ ਪ੍ਰਬੰਧਕਾਂ ਵਿਚੋਂ ਖੁਦ ਕਈਂ ਇਨਾਂ ਨਸ਼ਿਆਂ ਦੇ ਆਦੀ ਤੇ ਵਪਾਰੀ ਹਨ। ਇਲੈਕਸ਼ਨ ਜਿੱਤਣ ਲਈ ਵੀ ਇਨ੍ਹਾਂ ਵਿਚੋਂ ਬਹੁਤੇ ਮੈਂਬਰ ਤੇ ਇਨ੍ਹਾਂ ਦੇ ਸਮਰਥੱਕ ਨੌਜਵਾਨਾਂ ਵਿਚ ਖੁਦ ਨਸ਼ੇ ਵੰਡਦੇ ਹਨ।ਕੀ ਇਹ ਚੌਕੀਦਾਰ ਹੀ ਚੋਰ ਵਾਲੀ ਗਲ ਨਹੀਂ ?

ਜੋ ਸਿੱਖ ਨੌਜਵਾਨ ਬਹੁਤੇ ਪੜ੍ਹੇ ਲਿਖੇ ਹਨ,ਉਨਾਂ ਵਿਚੋਂ ਕਈਂ ਕੌਮੀਂ ਸਿੱਧਾਤਾਂ ਤੋਂ ਨਾ ਵਾਕਫ ਹਨ।ਸਿੱਖ ਕੋਮ ਦੀ ਇਹ ਵੀ ਇਕ ਵਡੀ ਸਮੱਸਿਆ ਰਹੀ ਹੈ ਕਿ ਯੱਦ ਵੀ ਸਿੱਖ ਇਕ ਘਲੂਘਾਰੇ ਜਾਂ ਖੂਨੀ ਦੋਰ ਚੋਂ ਨਿਕਲ ਕੇ ਅਜੇ ਸੈਟਲ ਹੋਣਾਂ ਸੋਚਦਾ ਹੈ ,ਬੂਹੇ ਤੇ ਦੂਜਾ ਹਮਲਾ ਆ ਦਸਤਕ ਦਿੰਦਾ ਹੈ।ਸਿੱਖ ਹਮਲੇ ਦਾ ਜੁਆਬ ਦੇਂਦਿਆਂ ਜਾਂ ਬਚਾਵ ਕਰਦਿਆਂ,ਇਕ ਪੀੜੀ ਖਤਮ ਕਰਵਾ ਲੈਂਦੇ ਹਨ।ਉਤੋਂ ਹੋਰ ਇਕ ਮੁਸ਼ਕਲ ਇਹ ਹੈ ਕਿ ਬਹੁ ਗਿਣਤੀ ਸਿੱਖ ਤੇ ਸਿੱਖ ਜੱਥੇਬੰਦੀਆਂ ਲੌੜਵੰਦ ਸਿੱਖ ਪਰਵਾਰਾਂ ਜਾਂ ਕੋਮੀਂ ਸਿੱਪ੍ਰਟ ਵਾਲੇ ਸਿੱਖਾਂ ਦੀ ਮਦਦ ਵਲ ਧਿਆਨ ਦੇਨ ਦੀ ਥਾਂ ਫਜ਼ੁਲ ਦੇ ਕੰਮਾਂ ਵਿਚ ਦਸਵੰਦ ਬਰਬਾਦ ਕਰ ਰਹੀਆਂ ਹਨ।ਨੌਜਵਾਨ ਕੋਮੀ ਸਿਧਾਤਾਂ ਤੋਂ ਸੱਖਣੇ ਤੇ ਬੇ-ਰੁਜ਼ਗਾਰ ਹੋਣ ਕਰਕੇ,ਨਸ਼ਿਆਂ ਅਤੇ ਅਪਰਾਧਿਕ ਗਰੂਪਾਂ ਦਾ ਸ਼ਿਕਾਰ ਹੋ ਜਾਂਦੇ ਹਨ।

ਸਿੱਖ ਨੌਜਵਾਨਾਂ ਨੂੰ ਇਹ ਚੇਤੇ ਰਖਣਾ ਚਾਹੀਦਾ ਕਿ ਸਿੱਖ ਖਾੜਕੂ-ਜੁਝਾਰੂ ਤਾਂ ਹੋ ਸਕਦਾ ਹੈ,ਪਰ ਗੁੰਡਾ ਬਦਮਾਸ਼ ਨਹੀਂ ਹੋ ਸਕਦਾ।ਸਿੱਖ ਹੱਥਿਆਰਾਂ ਦੀ ਵਰਤੋਂ ਸੱਚ-ਹੱਕ-ਕੌਮੀਂ-ਅਜ਼ਾਦੀ ਲਈ ਕਰਦਾ ਹੈ।ਜਰ-ਜੋਰੂ-ਜਮੀਨ,ਛੋਟੀ-ਮੋਟੀ ਗਲਾਂ ਜਾਂ ਸਮਾਜ ਵਿਰੋਦੀ ਕਾਰਵਾਈਆਂ ਲਈ ਨਹੀਂ ਕਰਦਾ।

ਪਰ ਸਾਡੇ ਨੌਜਵਾਨ ਵੀਰਾਂ ਨੇ 'ਮਿੱਤਰਾਂ ਨੂੰ ਸ਼ੌਕ ਹੱਥਿਆਰਾਂ ਦਾ' ਜਾਂ 'ਤਕ ਕੇ ਤੇਰਾ ਹੁੱਸਣ ਸੋਣੀਏ ਹੱਥੋਂ ਹੱਥਿਆਰ ਗਏ'ਗਾਕੇ ਸਿੱਖਾਂ ਦੀ ਗਲਤ ਤਸਵੀਰ ਪੇਸ਼ ਕਰ ਰਹੇ ਹਨ।ਜਦੋਂ ਕਿ ਨੌਜਵਾਨਾਂ ਨੂੰ ਗਾਉਣਾ ਚਾਹੀਦਾ ਹੈ :-

'ਬਾਕੀ ਗੱਲਾਂ ਬਾਦ 'ਚ ਸੋਣੀਏ ਪਹਿਲਾਂ ਸਿਰਦਾਰ ਹਾਂ'।

ਸਿੱਖ ਮੁਟਿਆਰ ਕਿਸੇ ਬਦਮਾਸ਼ ਨਸ਼ੇੜੀ ਜਾਂ ਵੇਲੜ੍ਹ ਦੀ ਥਾਂ ਕਿਸੇ ਹੋਰ ਦੀ ਚੋਣ ਕਰਦੀ ਹੈ,ਤਾਂ ਜੁੰਮੇਵਾਰ ਨੌਜਵਾਨ ਅਤੇ ਸਾਡੇ ਆਗੂ ਹਨ।ਜੰਮੂ ਕਸ਼ਮੀਰ ਵਿਚ ਕੁੜੀਆਂ ਦੀ ਇਹ ਪਰਾਬਲਮ ਹੈ,ਪਰ ਪੰਜਾਬ-ਦਿਲੀ-ਆਦਿ ਵਲ ਤਾਂ ਪੰਜਾਬੀ ਅਖਬਾਰਾਂ ਵਿਚ "ਕਲੀਨਸ਼ੇਵ ਸਿੱਖ ਮੁੰਡੇ ਵਾਲੇ ਹੀ ਸੰਪਰਕ ਕਰਣ,ਵਿਆਹ ਗੁਰਮਤਿ ਅਨੁਸਾਰ ਹੋਵੇਗਾ""ਜੱਟ ਸਿੱਖ-{ਲੁਆਣਾ-ਰਾਮਗੜੀਆ,ਅਰੋੜਾ... ਸਿੱਖ}ਮੁੰਡੇ ਦੀ ਲੋੜ'ਵਾਲੇ ਇਸ਼ਤਿਹਾਰ ਤਾਂ ਕੁੱਝ ਹੋਰ ਹੀ ਸੁਨੇਹਾ ਦੇ ਰਹੇ ਹਨ।ਹਰ ਸਿੱਖ ਨੌਜਵਾਨ ਕਿਸੇ ਮੁਟਿਆਰ ਦੀ ਕੁਖ ਚੋਂ ਪੈਦਾ ਹੋਇਆ ਹੁੰਦਾ ਹੈ।ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ ਮਰਦਸ ਦੀ ਕਾਮਯਾਬੀ ਪਿੱਛੇ ਕਿਸੇ ਔਰਤ ਦਾ ਹਥ ਹੋਂਦਾ ਹੈ।ਇਸ ਲਈ ਸਿੱਖ ਮੁੱਟਿਆਰਾਂ ਨੂੰ ਕੌਮ ਉਤੇ ਹੋ ਰਹੇ ਹਮਲੇ ਤੋਂ ਅਪਨੇ ਕੌਮੀਂ ਪਰਿਵਾਰ ਨੂੰ ਬਚਾਉਣ ਅਤੇ ਹਮਲੇ ਨੂੰ ਨਾਕਾਰਾ ਕਰਣ ਲਈ ਕੌਮ ਦਾ ਹੱਥ ਵਟਾਉਣਾ ਚਾਹੀਦਾ ਹੈ ਅਤੇ ਹਮੇਸ਼ਾਂ ਯਾਦ ਰਖਨਾ ਚਾਹੀਦਾ ਹੈ ਕਿ ਸਿੱਖ ਮੁੰਡੇ ਕੁੜੀ ਦਾ ਜੀਵਨ ਸਾਥੀ ਸਿਰਫ ਸਿੱਖ ਹੀ ਹੋਣਾ ਚਾਹੀਦਾ ਹੈ।ਅਜਿਹਾ ਸਾਥੀ ਜੋ ਸਾਨੂੰ ਮਨਮਤਿ ਤੋਂ ਹਟਾ ਕੇ ਗੁਰਮਤਿ ਨਾਲ ਜੋੜ ਕੇ ਜੀਵਨ ਸਫਲ ਕਰਣ ਦੀ ਜੀਵਨ ਜਾਚ ਸਿਖਾਵੇ। ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੈ:-

"ਜਿਨ੍ਹਾਂ ਦਿਸੰਦੜਿਆਂ ਦੁਮਤ ਵੰਞੈ,ਮਿਤਰ ਅਸਾਠੜੇ ਸੇਈ ।"

## ਮੀਡੀਏ ਦਾ ਰੋਲ। ......

ਅਜ ਭਾਰਤੀ ਫਿਲਮਾਂ ਤੇ ਨਾਟਕਾਂ ਰਾਹੀਂ ਮਨਮਤ ਅਤੇ ਬ੍ਰਾਹਮਣੀ ਰੀਤੀ-ਰਿਵਾਜਾ ਦਾ ਪਰਚਾਰ ਕੀਤਾ ਜਾ ਰਿਹਾ ਹੈ। ਸਾਡੇ ਬੱਚੇ ਦਿਨ ਰਾਤ ਇਹੀ ਕੁਝ ਵੇਖ ਰਹੇ ਤੇ ਸਿੱਖ ਰਹੇ ਹਨ।ਫਿਲਮ ਤੇ ਨਾਟਕਾਂ ਦੀ ਕਹਾਣੀਆਂ ਹਿੰਦੂ ਮਥਹਾਸਿਕ ਦੇਵਤਿਆਂ ਦੀਆਂ ਕਹਾਣੀਆਂ ਵਾਂਗ ਜ਼ਰ,ਜ਼ੋਰੂ,ਜ਼ਮੀਨ ਜਾਂ ਕਾਮ ਵਾਸ਼ਨਾਵਾਂ ਪੈਦਾ ਕਰਣ ਅਤੇ ਅੰਡਰਵਲਡ ਦੀ ਦੁਨੀਆਂ ਤੇ ਅਧਾਰਤ ਹੁੰਦੀਆਂ ਹਨ।

ਕੁਝ ਚੰਗੀ ਅਕਾਰ ਦੀਆਂ ਫਿਲਮਾਂ ਤੇ ਨਾਟਕ ਵੀ ਹੁੰਦੇ ਹਨ,ਪਰ ਉਨਾ ਦੀ ਗਿਣਤੀ ਬਹੁਤ ਘੱਟ ਹੈ।ਸਿੱਖ ਘਰਾਂ ਵਿਚ ਹਰ ਵੇਲੇ ਇਹ ਸਭ ਕੁਝ ਵੇਖਿਆ ਜਾਂਦਾ ਹੈ,ਫਿਰ ਇਹੀ ਹੀਰੋ ਤੇ ਮਾਡਲ ਉਨ੍ਹਾਂ ਦੀ ਮਾਨਸਿਕਤਾ 'ਚ ਘਰ ਕਰ ਲੈਂਦੇ ਹਨ।ਫਿਲਮਾਂ ਵਿਚ ਹੀਰੋਆਂ ਦੀ ਸ਼ਕਲ ਕਲੀਨ ਸ਼ੇਵ ਹੁੰਦੀ ਹੈ,ਹੀਰੋ ਹਿੰਦੂ ਤੇ ਮੁਸਲਮਾਨ ਹਨ ਉਨਾਂ ਦੇ ਫਿਲਮੀਂ ਨਾਂ ਵੀ ,ਹਿੰਦੂਆਂ ਮੁਸਲਮਾਨਾ ਵਾਲੇ ਹਨ। ਜੋ ਹਰ ਵੇਲੇ ਕੰਨਾਂ ਵਿਚ ਗੂੰਜਦੇ ਹਨ,ਅੱਖਾਂ ਸਾਹਮਣੇ ਰਹਿਣ ਕਰਕੇ ਕੁੜੀਆਂ ਦਾ ਮਨ ਉਨ੍ਹਾਂ ਵਰਗੇ ਦੋਸਤ ਤੇ ਸਾਥੀਆਂ ਦੀ ਭਾਲ ਕਰਦਾ ਹੈ-ਜੈਸੀ ਸੰਗਤ ਤੈਸੀ ਰੰਗਤ।

ਫਿਲਮਾਂ ਵਿਚ ਨਕਲੀ ਸਿੱਖ ਹੀਰੋ ਦਿਖਾਉਣਾ ਤੇ ਮਜ਼ਾਕ ਉੜਾਉਣਾ,ਫਿਲਮਾਂ ਨਾਟਕਾਂ ਵਿਚ ਕੇਸ ਕੱਟਣ ਵਾਲੀਆਂ ਹੀਰੋਇਨਾ ਦੇ ਨਾਂ 'ਕੌਰ' ਜਾਂ ਲੜਕੀ ਦੇ ਪਿਤਾ,ਦਾਦੇ ਨੂੰ ਪਗੜੀ ਧਾਰੀ ਦਿਖਾਉਣਾ,ਕੌਰ ਨਾਂ ਵਾਲੀ ਕੁੜੀ ਨੂੰ ਕਿਸੇ ਹਿੰਦੂ-ਮੁਸਲਮਾਨ ਨਾਂ ਵਾਲੇ ਹੀਰੋ ਨਾਲ ਪਿਆਰ ਕਰਦਿਆਂ ਦਿਖਾਣਾ, ਇਹ ਸਭ ਕੁਝ ਸਿੱਖ ਮੁਟਿਆਰਾਂ ਤੇ ਗੱਬਰੂਆਂ ਦੀ ਮਾਨਸਿਕਤਾ ਤੇ ਇਲੈਕਟ੍ਰਾਨਿਕ ਮੀਡੀਏ ਰਾਹੀਂ ਮਨੋਵਿਗਿਆਨਕ ਹਮਲਾ ਹੈ।

ਸਿੱਖਾਂ ਦਾ ਫਿਲਮੀਂ ਹੀਰੋ ਨਾ ਹੋਣਾ ਵੀ ਇਕ ਘਾਟ ਹੈ। ਸਿੱਖਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।ਪਿੱਛੇ ਜੇਹੀ ਮੁੰਬਈ ਦੇ ਸਰਦਾਰ ਜਸਪਾਲ ਸਿੰਘ {ਮਾਡਲ}ਨੇ ਇਸ ਲਈ ਉਪਰਾਲਾ ਅਰੰਭ ਕੀਤਾ ਸੀ। ਸ਼ਾਇਦ ਇਸ ਵੱਧੀਆ ਕੰਮ ਲਈ ਉਸ ਦੀ ਕਿਸੇ ਮਦਦ ਨਹੀਂ ਕੀਤੀ ਹੋਣੀ। ਤਕਰੀਬਣ ਹਰ ਪੰਥ ਦਰਦੀ ਦੀ ਇਹੀ ਕਹਾਣੀ ਹੈ।

ਅਜ ਕਲ ਸਿੱਖੀ ਵਿਰਸੇ ਵਾਲੀਆਂ ਕੁਝ ਟੈਲੀ ਫਿਲਮਾਂ ਬਣ ਰਹੀਆਂ ਹਨ ਪਰ ਉਨ੍ਹਾਂ ਦੇ ਡਾਇਲਾਗ,ਐਕਟਿੰਗ,ਹੀਰੋ,ਕਹਾਣੀ,ਗੀਤ ਤੇ ਐਕਸ਼ਨ ਦੰਮਦਾਰ ਨਹੀਂ ਹਨ ਅਤੇ ਇਹ ਬੜੇ ਛੋਟੇ ਪੱਧਰ ਦੀਆਂ ਫਿਲਮਾਂ ਸਿੱਖ ਫਿਲਮ ਇੰਡਸਟ੍ਰੀ ਦੀ ਕਮੀ ਨੂੰ ਪੂਰਿਆਂ ਨਹੀਂ ਕਰ ਸਕਦੀਆਂ।

ਸਿੱਖਾਂ ਦੀ ਸ਼੍ਰੋਮਣੀ ਕਮੇਟੀ,ਸ਼੍ਰੋਮਣੀ ਡੇਰੇ,ਸੁਸਾਇਟੀਆਂ ਇਸ ਪ੍ਰੋਜੈਕਟ ਤੇ ਪੈਸਾ ਲਾਉਣ ਦੀ ਥਾਂ ਕੀਰਤਨ ਦਰਬਾਰਾਂ-ਨਗਰ ਕੀਰਤਨਾਂ ਅਤੇ ਇਲੈਕਸ਼ਨਾਂ ਤੇ ਕਰੋੜਾਂ ਰੂਪਏ ਬਰਬਾਦ ਕਰ ਰਹੀਆਂ ਹਨ। ਮੈਂ ਕੁਝ ਨੌਜਵਾਨ ਸਭਾਵਾਂ ਨੂੰ ਇਸ ਟ੍ਰੈਕਟ ਅਤੇ ਇਸ ਤੋਂ ਪਹਿਲਾਂ ਵਾਲੀਆਂ ਕਿਤਾਬਾਂ ਨੂੰ ਛਪਵਾਉਣ ਦੀ ਸੇਵਾ ਕਰਣ ਲਈ ਕਿਹਾ ਤਾਂ ਉਨ੍ਹਾਂ ਦਾ ਜੁਆਬ ਸੀ।"ਅਸੀ ਬੈਂਕ ਵਿਚ ਪੈਸੇ ਨਗਰ ਕਿਰਤਨ,ਪੱਟਾਕਿਆਂ ਤੇ ਕਿਰਤਨ ਦਰਬਾਰ ਲਈ ਇਖੱਠੇ ਕੀਤੇ ਹੋਏ ਹਨ"।

ਇਨ੍ਹਾਂ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਇਹ ਪੰਜਾਬ ਤੇ ਸਿੱਖੀ ਲਈ ਦਰਦ ਰਖਣ ਵਾਲੇ ਗਾਇਕਾਂ ਤੇ ਹੀਰੋਆਂ ਜਿਵੇਂ ਕਿ ਬੱਬੂ ਮਾਨ, ਅਮਿਤੋਜ ਮਾਨ, ਗੁਰਦਾਸ ਮਾਨ, ਰਾਜ ਬੱਬਰ,ਜਿੰਮੀ ਸ਼ੇਰ ਗਿਲ,ਹਰਭਜਨ ਮਾਨ,ਗੁੱਗੂ ਗਿਲ ਹਰਜੀਤ ਹਰਮਨ ਆਦਿ ਦੀ ਸਹਾਇਤਾ ਨਾਲ ਸਿੱਖ ਵਿਰਸੇ,ਸਿੱਧਾਂਤ ਅਤੇ ਸ਼ਹੀਦ ਸਿੱਖ ਨਾਇਕਾਂ ਦੇ ਜੀਵਨ ਤੇ ਅਦਾਰਤ ਬੱਡੇ ਪੜਦੇ ਦੀਆਂ ਫਿਲਮਾਂ ਤਿਆਰ ਕਰਵਾਉਣ ਵਲ ਧਿਆਨ ਜਰੂਰ ਦੇਨ। ਖਾਸਕਰ ਵਿਦੇਸ਼ਾਂ 'ਚ ਬੈਠੇ ਸਿੱਖ ਭਾਈਚਾਰੇ ਨੂੰ ਪਖੰਡੀ ਸਾਧਾਂ ਤੇ ਲੀਡਰਾਂ ਵਲੋਂ ਧਿਆਨ ਹਟਾ ਕੇ ਹਾਲੀਵੁਡ ਦੀਆਂ ਪ੍ਰਸਿਧ 'ਦਾ ਲਾਸਟ ਸੈਮੋਰਾਇ' ਜਾਂ '੩00 ਹੰਡਰਡ'ਵਰਗੀਆਂ ਫ਼ਿਲਮਾਂ ਦੇਣ ਵਾਲੇ ਕਿਸੇ ਚੰਗੇ ਡਾਇਰੈਕਟਰ ਤੋਂ ਸਿੱਖ ਵਿਰਸੇ ਤੇ ਅਧਾਰਤ ਫਿਲਮਾਂ ਨੂੰ ਤਿਆਰ ਕਰਵਾਉਣ ਲਈ ਅਗੇ ਆਉਣਾ ਚਾਹੀਦਾ ਹੈ।

ਇੱਥੇ ਇਹ ਗਲ ਵੀ ਸਪੱਸ਼ਟ ਕਰ ਲੈਣੀ ਚਾਹੀਦੀ ਹੈ ਕਿ ਅਸੀ ਅਪਨੀਆਂ ਨਾਲਾਇਕੀਆਂ ਤੇ ਪਰਦਾ ਪਾਉਣ ਲਈ,ਸਾਰਾ ਦੋਸ਼ ਟੀ.ਵੀ ਅਤੇ ਫਿਲਮਾਂ ਉਤੇ ਮੜ੍ਹ ਕੇ ਪੱਲਾ ਨਹੀਂ ਛੁੜਾ ਸਕਦੇ।ਇਨ੍ਹਾਂ ਨੂੰ ਕਾਫੀ ਹੱਦ ਤਕ ਜ਼ਿਮੇਵਾਰ ਮਨ ਸਕਦੇ ਹਾਂ,ਕਿਉਕਿ ਜੋ

ਕੁਝ ਸਾਡੇ ਬੱਚੇ ਇਨਾ ਵਿਚ ਦੇਖ ਰਹੇ ਹਨ,ਓਹੀ ਕੁਝ ਬਾਕੀ ਕੌਮਾਂ ਦੇ ਬੱਚੇ ਵੀ ਤਾਂ ਵੇਖ ਰਹੇ ਹਨ ਅਤੇ ਇਨ੍ਹਾਂ ਚੈਨਲਾਂ ਤੋਂ ਕਾਫੀ ਕੁਝ ਚੰਗਾ ਸਿੱਖਣ ਨੂੰ ਵੀ ਤਾਂ ਮਿਲ ਰਿਹਾ ਹੈ? ਇਨ੍ਹਾਂ ਦਾ ਮਾੜਾ ਅਸਰ ਦੂਜੇ ਲੋਕਾਂ ਦੇ ਬਚਿਆਂ ਤੇ ਕਿਉਂ ਨਹੀਂ ਹੋ ਰਿਹਾ? ਕਿਉਂਕਿ ਉਹ ਚੰਗੇ ਤੇ ਮਾੜੇ ਦੀ ਪਰਖ ਧਰਮ ਦੀ ਕਸੌਟੀ ਤੇ ਕਰਦੇ ਹਨ।ਸਾਡੇ ਕੌਲ ਤਾਂ ਦੁਨੀਆਂ ਨੂੰ ਰਾਹ ਵਿਖਾਉਣ ਵਾਲਾ ਸ਼ਬਦ ਗੁਰੂ ਗ੍ਰੰਥ ਸਾਹਿਬ ਹੈ।ਫਿਰ ਸਮਜ ਲੈਣਾ ਚਾਹੀਦਾ ਹੈ ਕਿ ਘਾਟ ਸਿਰਫ ਬੱਚਿਆਂ ਵਿਚ ਹੀ ਨਹੀਂ ਮਾਂ-ਬਾਪ ਤੇ ਧਾਰਮਕ ਆਗੂਆਂ ਵਿਚ ਵੀ ਹੈ।

ਪਰਿਵਾਰਾਂ ਦੀ ਕਾਰਗੁਜ਼ਾਰੀ...।

ਅਜ ਸਿੱਖ ਪਰਿਵਾਰਾਂ ਵਿਚ ਖੁਸ਼ੀ ਤੇ ਗਮੀਂ ਵੇਲੇ ਕੀਤੇ ਜਾਣ ਵਾਲੇ ਅੱਧ ਤੋਂ ਵੱਧ ਰਸਮੋਂ ਰਿਵਾਜ ਗੁਰਮਤਿ ਤੋਂ ਪੂਰੀ ਤਰ੍ਹਾਂ ਉਲਟ ਬ੍ਰਾਹਮਣੀ ਮੱਤ ਅਨੁਸਾਰ ਹਨ।

ਅਧਿਆਤਮਕ ਮਾਰਗ ਦੇ ਵਿਦਵਾਨਾਂ ਤੇ ਮਨੋਵਿਗਿਆਨਿਕਾਂ ਦਾ ਮੰਨਣਾ ਹੈ ਕਿ ਬੱਚੇ ਦੇ ਜਨਮ ਤੋਂ ਪਹਿਲਾਂ ਜੋ ਮਾਹੋਲ ਬੱਚੇ ਦੀ ਮਾਂ ਨੂੰ ਮਿਲਦਾ ਹੈ, ਉਸਦਾ ਸਿੱਧਾ ਅਸਰ ਬੱਚੇ ਦੀ ਮਾਨਸਿਕਤਾ ਤੇ ਪੈਂਦਾ ਹੈ,ਸੰਗਤ ਦੀ ਰੰਗਤ ,ਬੱਚੇ ਦੀ ਸੋਚ ਨੂੰ ਘੜਨ ਵਿਚ ਕਾਫੀ ਹਦ ਤਕ ਸਹਾਈ ਹੁੰਦੀ ਹੈ।ਅਜੋਕੇ ਮਾਂ-ਬਾਪ ਦਾ ਹਰ ਵੇਲੇ ਦੁਨੀਆਂ ਦੇ ਰੰਗ ਵਿਚ ਰੰਗੇ ਰਹਿਣਾ,ਮਾਂ ਦਾ ਰੋਟੀ-ਲੰਗਰ ਤਿਆਰ ਕਰਣ ਵੇਲੇ ਆਂਢਣਾ-ਗੁਆਂਢਣਾਂ ਦੀ ਬੁਰਿਆਈ ਕਰਨ ਵਲ,ਵਹਿਮ-ਭਰਮ,ਡਰਪੋਕ ਮਾਨਸਿਕਤਾ,ਇਹ ਨਾ ਹੋ ਜਾਵੇ ਉਹ ਨਾ ਜਾਵੇ ਫਿਰ ਮਾੜੀਆਂ ਫਿਲਮਾਂ ਤੇ ਨਾਟਕਾਂ ਨੂੰ ਜ਼ਹਿਨ ਵਿਚ ਰਖਣਾ ਅਤੇ ਹਰ ਵੇਲੇ ਨੈਗਟਿਵ ਗੱਲਾਂ { ਢਹਿੰਦੀਕਲਾਂ}ਵਲ ਧਿਆਨ ਰਖਣਾ ਜਿਸ ਨਾਲ ।

ਗਰਬ 'ਚ ਪਲ ਰਹੇ ਬੱਚੇ ਦੀ ਦਿਮਾਗੀ ਮੈਮਰੀ ਉਤੇ ਇਨ੍ਹਾਂ ਸੋਚਾਂ-ਵਿਚਾਰਾਂ ਦਾ ਇਕ ਵਾਇਰਸ ਵਾਂਗ ਹਮਲਾ ਹੁੰਦਾ ਹੈ।ਪੈਦਾ ਹੋਣ ਤੋਂ ਪਹਿਲਾਂ ਹੀ ਮਾਂ ਦੇ ਗਰਭ ਵਿਚ ਮਿਲੀ ਖਿਆਲਾਂ ਰਾਹੀ ਡੋਜ਼-ਸਿੱਖਿਆ ਬੱਚੇ ਨੂੰ ਜਨਮ ਤੋਂ ਪਹਿਲਾਂ ਹੀ ਧਰਮ ਤੋਂ ਤੋੜ ਦੇਂਦੀ ਹੈ।

ਸ਼ਾਇਦ ਇਸੇ ਲਈ ਜਦ ਡਾਕਟਰ ਗੰਗਾ ਸਿੰਘ ਨੂੰ ਕਿਸੇ ਨੇ ਪੁਛਿਆਂ ਸੀ ਕਿ "ਬੱਚੇ ਨੂੰ ਗੁਰਮਤਿ ਦੀ ਸਿਖਿਆਂ ਕਿਸ ਉਮਰ ਵਿਚ ਦਿੱਤੀ ਜਾਵੇ ?ਤਾਂ ਉਨਾਂ ਦਾ ਜੁਆਬ ਸੀ, 'ਬੱਚੇ ਦੇ ਜਨਮ ਤੋਂ ਵੀਹ ਸਾਲ ਪਹਿਲਾਂ' ਪ੍ਰੋ.ਪੂਰਨ ਸਿੰਘ ਜੀ 'ਘਰ ਕੀ ਗੀਹਨ' ਵਿਚ ਲਿਖਦੇ ਹਨ :-"ਸਾਡੀਆਂ ਮਾਤਾਵਾਂ ਦੁੱਧ ਵਿਚ ਮਧਾਣੀਆਂ ਪਾਉਂਦੀਆਂ ਗੁਰਬਾਣੀ ਗਾਉਂਦੀਆਂ ਹਨ।ਬੱਚਾ ਜਦੋਂ ਸੁੱਤਾ ਉਠਦਾ ਸੀ ਤਾਂ ਉਸਦੇ ਕੰਨੀ ਪਹਿਲੀ ਆਵਾਜ਼ ਗੁਰਬਾਣੀ ਦਾ ਫੁਰਮਾਨ ਹੀ ਪੈਂਦਾ ਸੀ।ਪਰ ਅਜ ਤਾਂ ਬੱਚੇ ਦੇ ਉਠਣ ਤੋਂ ਪਹਿਲਾਂ ਹੀ ਘਰ ਵਿਚ ਟੈਲੀਵੀਜ਼ਨ ਤੇ ਅਸ਼ਲੀਲ ਗਾਣੇ ਲੱਗੇ ਹੁੰਦੇ ਹਨ ।" ਪ੍ਰੋ:ਪ੍ਰਭਜੋਤ ਕੌਰ ਦਾ ਕਹਿਣਾਂ ਕਿ ਮਨੋਵਿਗਿਆਨਕ ਮੰਨਦੇ ਹਨ ਕਿ ਸੁਚੇਤ ਮਨ ਨਾਲੋ ਅਚੇਤ ਮਨ ਨੂੰ ਕੀਤੀ ਹੋਈ ਪ੍ਰੇਨਾ ਵਧੇਰੇ ਅਸਰ ਦਾਇਕ ਅਤੇ ਸਥਿਰ ਰਹਿਣ ਵਾਲੀ ਹੁੰਦੀ ਹੈ।ਰਾਤ ਨੂੰ ਸੌਂਦੇ ਸਮੇਂ ਅਤੇ ਸਵੇਰੇ ਉਠਦੇ ਸਮੇਂ,ਸਾਡਾ ਸੁਚੇਤ ਮਨ ਆਲਸ ਵਿਚ ਹੁੰਦਾ ਹੈ ਅਤੇ ਅਚੇਤ ਮਨ ਵਧੇਰੇ

ਕੰਮ ਕਰ ਰਿਹਾ ਹੁੰਦਾ ਹੈ।ਇਸ ਸਮੇਂ ਮਨ ਨੂੰ ਦਿਤੀ ਗਈ ਪ੍ਰੇਰਨਾ ਵਧੇਰੇ ਸਮੇਂ ਤਕ ਰਹਿੰਦੀ ਹੈ।"

ਖ਼ਾਲਸਾ ਜੀ !ਘਰ ਵਿਚ ਕਦੀ ਗੁਰਬਾਣੀ ਦੀ ਵਿਚਾਰ ਨਹੀਂ ਹੋਣੀ,ਸਿੱਖ ਜਰਨੈਲਾਂ ਤੇ ਸ਼ਹੀਦਾਂ ਦੀ ਗਾਥਾਵਾਂ ਦਾ ਜ਼ਿਕਰ ਨਾ ਹੋਣਾ,ਕੋਈ ਪੰਥਕ ਮੈਗਜ਼ੀਨ-ਕਿਤਾਬਾਂ ਦਾ ਨਾ ਪੜ੍ਹਿਆ ਜਾਣਾਂ ਫਿਰ ਕਿਵੇਂ ਉਮੀਦ ਕੀਤੀ ਜਾ ਸਕਦੀ ਹੈ,ਕਿ ਸਾਡੇ ਘਰ ਕੋਈ ਸਿੱਖ ਯੋਧਾਂ,ਦਾਨੀ,ਭਗਤ,ਸਮਾਜ ਸੇਵਕ ਅਤੇ ਕੌਮੀਂ ਰੋਲ ਮਾਡਲ ਪੈਦਾ ਹੋਵੇਗਾ? ਗੁਰਬਾਣੀ ਦਾ ਹੁਕਮ ਹੈ:-

**"ਸਬਦਿ ਰਤੇ ਤਿਨਾ ਸੋਝੀ ਪਈ, ਦੂਜੈ ਭਰਮਿ ਭੁਲਾਇ॥"** ..ਅਤੇ..

**" ਬੀਜੈ ਬਿਖੁ ਮੰਗੈ ਅੰਮ੍ਰਿਤ,ਵੇਖੋ ਇਹੁ ਨਿਆਉ ॥"**

ਸਿੱਖਾਂ ਦਾ ਇਹ ਸੁਭਾਅ ਬਣ ਚੁਕਿਆ ਹੈ,ਕਿ ਜਦ ਤਕ ਸੇਕ ਨਾਂ ਲੱਗੇ ਅਗ ਦਾ ਪਤਾ ਹੀ ਨਹੀਂ ਲਗਦਾ। ਪੰਜਾਬੀ ਦੀ ਕਹਾਵਤ ਹੈ-"ਡੁੱਬੀ ਤਾਂ ਜੇ ਸਾ ਨਾ ਆਇਆ"।

ਸਿੱਖ ਮਾਂ-ਬਾਪ ਦੁਨੀਆਂ ਦੀ ਦੌੜ ਅਤੇ ਅਪਣੀ ਜ਼ਿੰਦਗੀ ਵਿਚ ਇਨੇ ਮਸ਼ਰੂਫ ਹਨ ਕਿ ਉਨ੍ਹਾਂ ਨੂੰ ਅਪਨੇ ਬੱਚੇ ਸਿੱਖੀ ਤੋਂ ਮੁਨੱਕਰ ਹੁੰਦੇ ਦਿਖਾਈ ਹੀ ਨਹੀਂ ਦੇ ਰਹੇ।ਕੁੱਝ ਸਮਾਂ ਪਹਿਲਾਂ ਅਮੈਰਿਕਾ ਵਿਚ ਅਣਵਿਆਹਾਈਆਂ ਕੁੜੀਆਂ ਦੇ ਗਰਭਪਾਤ ਦੀ ਗਿੱਣਤੀ ਵੱਧਣ ਤੇ ਚਿੰਤਾ ਜਿਤਾਈ ਗਈ,ਪਰ ਇਸ ਦੀ ਰੋਕਥਾਮ ਲਈ ਲੀਡਰਸ਼ਿਪ ਅਵੇਸਲੀ ਨਜ਼ਰ ਆ ਰਹੀ ਸੀ। ਜਦੋਂ ਅਮੈਰਕਾ ਸ਼ਹਿਰ {ਅਲਾਸਕਾ} ਦੀ ਗਵਰਨਰ "ਸਾਗਰ ਪਾਲਿਨ"ਦੀ ਆਪਣੀ ਬੇਟੀ ਛੋਟੀ ਉਮਰ ਵਿਚ ਬਿਨਾ ਵਿਆਹ ਤੋਂ ਗਰਭਵਤੀ ਹੋ ਗਈ ਤਾਂ ਅਮੈਰਿਕਾ ਦੀ ਲੀਡਰਸ਼ਿਪ ਨੇ ਇਸ ਸਬੰਧੀ ਸਰਵੇ ਕਰਨਾ ਆਰੰਭ ਕਰ ਦਿੱਤਾ ਅਤੇ ਇਸ ਦੇ ਹਲ ਲਈ ਯਤਨ ਅਰੰਭ ਹੋ ਗਏ। ਪਰ ਸਿੱਖ ਤੇ ਆਗੂ ਇਸ ਕੌਮੀਂ ਗੈਰਤ ਦੇ ਮੁੱਦੇ ਤੇ ਅਜੇ ਵੀ ਸੰਜੀਦਾ ਨਹੀਂ ਹਨ। ਕੌਮੀਂ ਧੀਆਂ ਪ੍ਰਤੀ ਉਨ੍ਹਾਂ ਦਾ ਕੋਈ ਫਰਜ਼ ਨਹੀਂ ? ਕਿਆ ਉਹ ਆਪਣਿਆਂ ਘਰਾਂ ਵਿਚ ਜੰਮੀਆਂ ਧੀਆਂ ਦੇ ਨਿਕਲ ਜਾਨ ਦੀ ਉਡੀਕ ਕਰ ਰਹੇ ਹਨ ?

**"ਬੜੇ ਖਤਰੇ ਮੇਂ ਹੈ ਹੁਸਨ-ਏ-ਗੁਲਿਸਤਾਂ,ਹਮ ਯੇ ਕਹਿਤੇ ਹੈ।**
**ਅੰਦਰ ਤਕ ਆ ਗਈ ਹੈਂ,ਆਗ ਕੀ ਲਪਟੇਂ ਹਮ ਯੇ ਕਹਿਤੇ ਹੈਂ ।"**

ਵੇਖਣ 'ਚ ਆਉਂਦਾ ਹੈ ,ਕੁਝ ਬੱਚੀਆਂ ਦੇ ਭਟਕੇ ਕਦਮਾਂ ਨੂੰ ਵੇਖਦੇ ਹੋਏ ਸਮਾਜ ਦੇ ਕੁੱਝ ਚੇਤੰਨ ਤੇ ਜੁੰਮੇਵਾਰ ਲੋਕ ਜਦੋਂ ਪਰਿਵਾਰਾਂ ਨੂੰ ਉਨ੍ਹਾਂ ਦੇ ਬਚਿਆਂ ਦੇ ਭਟਕਦੇ ਕਦਮਾਂ ਤੋਂ ਵਾਕਫ ਕਰਵਾਉਣ ਲਈ ਜਾਂਦੇ ਹਨ,ਤਾਂ ਅਗੋਂ ਪਰਿਵਾਰ ਵਾਲੇ ਉਨ੍ਹਾਂ ਦਾ ਧੰਨਵਾਦ ਕਰਣ ਦੀ ਬਜਾਇ ਉਲਟਾ ਨਰਾਜ਼ ਹੋ ਜਾਂਦੇ ਹਨ।ਜਿਸ ਨੂੰ ਮੂਰਖਤਾ ਦੀ ਹੱਦ ਹੀ ਕਿਹਾ ਜਾ ਸਕਦਾ ਹੈ।

ਮਾਂ-ਬਾਪ ਬੱਚਿਆਂ ਦੀ ਝੂਠੀਆਂ ਕਹਾਣੀਆਂ ਨੂੰ ਸੱਚ ਮੰਨਕੇ ਮੋਹ ਵਸ ਮੂਰਖ ਬਣ ਜਾਂਦੇ ਹਨ ਅਤੇ ਦਲੀਲ ਦੇਂਦੇ ਹਨ :-ਸਾਡੇ ਬੱਚਿਆਂ ਦੀ ਤਾਂ ਕਿਸੇ ਅਗੇ ਅੱਖਾਂ ਹੀਂ ਨਹੀਂ

ਉਠਦੀਆਂ,ਜ਼ੁਬਾਨ ਹੀ ਨਹੀਂ ਖੁਲਦੀ,ਸਾਡੇ ਬੱਚੇ ਤਾਂ ਨਿਰੇ ਰੱਬ ਦਾ ਰੂਪ ਹਨ,ਇਨ੍ਹਾਂ ਦੀ ਪੜ੍ਹਾਈ ਤੇ ਤਰੱਕੀ ਤੋਂ ਲੋਕ ਸੜਦੇ ਹਨ...।

ਫਿਰ ਮਾਂਪਿਆਂ ਨੂੰ ਪੱਤਾ ਉਦੋਂ ਲੱਗਦਾ ਹੈ ਜਦੋਂ ਚਿੜੀਆਂ ਚੁਗ ਗਈ ਖੇਤ ਹੁੰਦੀ ਹੈ।ਇਹ ਵੀ ਸੱਚ ਹੈ ਕਿ ਭਾਰਤ ਦੇ ਲੋਕ ਫਜ਼ੂਲ ਗਲਾਂ 'ਚ ਵਕਤ ਬਰਬਾਦ ਕਰਨ ਵਿਚ ਪ੍ਰਸਿੱਧ ਹਨ। ਕਈ ਵਾਰ ਇਹ ਬੇ ਵਜਾਹ ਹੀ ਲੋਕਾਂ ਨੂੰ ਬਦਨਾਮ ਕਰ ਦੇਂਦੇ ਹਨ ਪਰ ਹਰ ਵਾਰ ਅਜਿਹਾ ਹੀ ਹੋਵੇ ਇਹ ਤਾਂ ਸਚ ਨਹੀ ? ਗੁਰਬਾਣੀ ਦਾ ਹੁਕਮ ਹੈ :-

"ਪਾਰੋਸੀ ਕੇ ਜੋ ਹੂਆ ਤੂ ਆਪਨੇ ਭੀ ਜਾਨੁ"।

ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਕਾਰਗੁਜ਼ਾਰੀ ...।

ਇਸ ਵਿਸ਼ੇ ਤੇ ਜੇ ਗਲ ਕਰੀਏ ਗੁਰਦੁਆਰਾ ਪ੍ਰੰਬਧਕਾਂ ਦੀ ਤਾਂ ਉਸ ਦਾ ਇਹ ਹਾਲ ਹੈ ਕਿ ਪ੍ਰੰਬਧਕ ਤਾਂ ਕਿਧਰੇ ਕੋਈ ਵਿਰਲਾ ਹੀ ਗੁਰਸਿੱਖ ਰਹਿਣੀ ਵਾਲਾ ਪ੍ਰਧਾਨ-ਸਕੱਤਰ ਹੋਵੇਗਾ,ਬਾਕੀ ਤਾਂ ਗੁੰਡਿਆਂ,ਸ਼ਰਾਬੀਆਂ ਅਤੇ ਸਿਆਸੀ ਲੀਡਰਾਂ ਦੇ ਝੋਲੀ ਚੁੱਕਾਂ ਦੀ ਚੰਡਾਲ ਚੌਂਕੜੀਆਂ ਹੀ ਗੁਰੂਦੁਆਰਿਆਂ ਤੇ ਕਾਬਜ਼ ਹਨ।

ਜੋ ਮਸੰਦਾਂ ਤੇ ਮਹੰਤ ਨਰੈਣੂ ਵਰਗੇ ਕੋਮ ਦੇ ਦੋਖੀਆਂ ਤੋਂ ਵੀ ਦੋ ਕਦਮ ਅਗੇ ਹਨ। ਵੀਰੋ-ਬੈਣੋ ਨੋਟ ਕਰਨਾ ਬੋਹੁਤਿਆਂ ਗੁਰਦੁਰਿਆਂ ਦੇ ਪ੍ਰਧਾਨ-ਸੱਕਤਰਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਹ ਕਿਸ ਵਿਸ਼ੇ ਤੇ ਬੋਲ ਰਹੇ ਹਨ। ਗੁਰਪੁਰਬ ਸ਼ਹੀਦੀ ਹੁੰਦਾ ਹੈ, ਵਧਾਈ ਉਹ ਪ੍ਰਕਾਸ਼ ਦਿਵਸ ਦੀ ਦੇ ਰਹੇ ਹੁੰਦੇ ਹਨ। ਗਲ ਸਿਰਫ਼ ਗੁਰੁ ਗ੍ਰੰਥ ਨੂੰ ਮੰਨਣ ਦੀ ਕਰ ਰਹੇ ਹੁੰਦੇ ਹਨ। ਉੱਥੇ ਹੀ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੁਝ ਮਿੰਟਾਂ ਬਾਅਦ ਕਿਸੇ ਸਾਧ ਦੇ ਚਰਣੀ ਸਿਰ ਸੁਟ ਕੇ ਬੈਠੇ ਹੁੰਦੇ ਹਨ। ਸੰਗਤ ਨੂੰ ਨਸ਼ੇ ਛੋੜਨ ਤੇ ਅੰਮਿਤ੍ਰਧਾਰੀ ਹੋਣ ਦੀ ਬੇਣਤੀ ਕਰਦੇ ਹਨ,ਕੁਝ ਹੀ ਦੇਰ ਬਾਅਦ ਵਿਆਹ ਵਿਚ ਦਾਰੂ ਨੂੰ ਭੋਗ ਲਾ ਰਹੇ ਹੁੰਦੇ ਹਨ।ਸੰਗਤ ਜੀ ਨੂੰ ਗੁਰਮਤਿ ਦੀ ਨਸੀਅਤ ਦੇਂਦੇ ਹਨ ਅਪਨੇ ਘਰਾਂ ਵਿਚ ਖੁਸ਼ੀ-ਗਮੀਂ ਵੇਲੇ ਗੁਰਮਤਿ ਤੋਂ ਉਲਟ ਹਰ ਕਰਮ ਕਾਂਡ ਹਿਕ ਤਾਨ ਕੇ ਕਰਦੇ ਹਨ। ਜਿਵੇਂ ਉਹ ਪੰਥ ਦੀ ਕੋਈ ਮਹਾਨ ਸੇਵਾ ਕਰ ਰਹੇ ਹੋਣ। ਖ਼ਾਲਸਾ ਜੀ ! ਅਜਿਹੇ ਪ੍ਰਬੰਧਕ ਕੌਮ ਨੂੰ ਕੋਈ ਅਗਵਾਈ ਦੇਨ ਦੇ ਕਾਬਲ ਹਨ ? 'ਉਲਟੀ ਬਾੜ੍ਹ ਖੇਤੁ ਕੋ ਖਾਇ'। ਸਿੱਖੀ ਫੁੱਲਵਾੜੀ ਉਜਾੜਨ ਵਾਲਿਆਂ ਨੂੰ ਆਗੂ ਬਨਾਇਆ ਕਿਨ੍ਹਾਂ ਨੇ ਹੈ,ਕਦੀ ਵਿਚਾਰ ਕੀਤੀ ਹੈ ?

## ਸਿੱਖ ਪ੍ਰਚਾਰਕਾਂ ਦਾ ਫਰਜ਼




ਪ੍ਰਚਾਰਕ-ਗ੍ਰੰਥੀ-ਰਾਗੀ-ਸੇਵਾਦਾਰ ਜੇ ਆਪਣੀ ਡਿਊਟੀ ਪੂਰੀ ਤਨ ਦੇਹੀ ਤੇ ਕੋਮੀ ਚੜ੍ਹਦੀਕਲਾ ਨੂੰ ਮੁਖ ਰਖਕੇ ਨਿਭਾਉਣ ਤਾਂ ਬ੍ਰਾਹਮਣੀ ਕਰਮਕਾਂਡ ਤੇ ਮਨੋਵਿਗਿਆਨਕ ਹਮਲੇ ਸਿੱਖਾਂ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦੇ।

ਮਾਂ-ਬਾਪ ਤੋਂ ਬਾਅਦ ਬਚਿਆਂ ਤੇ ਪਰਿਵਾਰ ਨੂੰ ਜੇ ਕੋਈ ਗੁਰਮਤਿ ਦੀ ਜਾਨਕਾਰੀ ਦੇ ਸਕਦਾ ਹੈ ਤਾਂ ਉਹ ਗ੍ਰੰਥੀ-ਰਾਗੀ ਸਿੰਘ-ਸਿੰਘਣੀਆਂ ਹਨ।ਜਿਨਾਂ ਨੂੰ ਹਰ ਰੋਜ਼ ਖੁਸ਼ੀ-ਗਮੀਂ ਵਿਚ ਕਈ ਘਰਾਂ ਵਿਚ ਜਾਣ ਦਾ ਮੋਕਾ ਮਿਲਦਾ ਹੈ।ਉਹ ਅਸਾਨੀ ਨਾਲ ਬਚਿਆਂ ਨੂੰ ਗੁਰਮਤਿ ਕਲਾਸਾਂ ਰਾਹੀਂ ਮਨਮਤ ਤੇ ਗੁਰਮਤਿ ਬਾਰੇ ਦਸ ਸਕਦੇ ਹਨ।ਪਰ ਦੁਖ ਤਾਂ ਇਸ ਗਲ ਦਾ ਹੈ ਕਿ ਇਨ੍ਹਾਂ ਵਿਚੋਂ ਕੁਝ ਕੁ ਵੀਰਾਂ-ਭੇਣਾਂ ਨੂੰ ਛੱਡ ਕੇ ਬਹੁਤਿਆਂ ਨੂੰ ਆਪ ਹੀ ਗੁਰਮਤਿ ਦਾ ਕੁਝ ਪਤਾ ਨਹੀਂ ਹੁੰਦਾ ।ਉਲਟਾ ਸਿੱਖਾਂ ਵਿਚ ਬਹੁਤਾ ਬਿਪਰਵਾਦ ਤਾਂ ਅਜਿਹੇ ਗ੍ਰੰਥੀ-ਰਾਗੀ-ਪ੍ਰਚਾਰਕ ਹੀ ਵਧਾ ਰਹੇ ਹਨ,ਉਥੇ ਹੀ ਕੁਝ ਅਜਿਹੇ ਪੰਥ ਦੇ ਪਿਆਰੇ ਵੀ ਹਨ,ਜੋ ਦਿਨ ਰਾਤ ਇਕ ਕਰਕੇ ਪੰਥ ਦੀ ਚੜਦੀਕੜਾ ਲਈ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ।ਪਰ ਐਸਿਆਂ ਦੀ ਗਿਣਤੀ ਬਹੁਤ ਥੋੜੀ ਹੈ। ਗੁਰਮਤਿ,ਇਤਿਹਾਸ ਤੇ ਸਿਧਾਂਤ ਤੋਂ ਨਾਵਾਕਫ ਬੰਦਾ ਇਨ੍ਹਾਂ ਦੀ ਪਹਿਚਾਨ ਵੀ ਨਹੀਂ ਕਰ ਸਕਦਾ ।'ਰੋਟੀਆਂ ਕਾਰਨ ਪੂਰੇ ਤਾਲ' ਵਾਲਿਆਂ ਦੀ ਭੀੜ ਹੈ ਅਤੇ ਵੇਲਾ ਹੈ ਜਾਗਨ ਦਾ।ਕੋਮੀ ਫਰਜ ਨਿਬਾਹੁਣ ਦਾ।

## ਨੌਜਵਾਨਾਂ ਦਾ ਫਰਜ਼ ਬਣਦਾ ਹੈ...

ਸਿੱਖੀ ਨਾਲ ਪਰਿਵਾਰਕ ਰਿਸ਼ਤਾ ਰੱਖਣ ਵਾਲਾ ਹਰ ਸਿੱਖ ਤੇ ਖਾਸਕਰ ਸਿੱਖ ਨੌਜਵਾਨ ਸਿੱਖੀ ਤੋਂ ਮੁਨਕਰ ਹੋ ਰਹੇ ਨੌਜਵਾਨਾ ਕਰਕੇ ਚਿੰਤਤ ਹੈ ਪਰ ਨਿਰੇ ਚਿੰਤਤ ਹੋਣ ਨਾਲ ਹੀ ਗਲ ਨਹੀਂ ਬਣ ਜਾਂਦੀ,ਇਸ ਗਿਰਾਵਟ ਨੂੰ ਦੂਰ ਕਰਣ ਲਈ ਚੇਤੰਨ ਹੋਣਾ ਵੀ ਜ਼ਰੂਰੀ ਹੈ। 'ਬਾਤਨ ਹੀ ਅਸਮਾਨ ਗਿਰਾਵੈ' ਤਕ ਸੀਮਤ ਰਹਿਣ ਨਾਲ, ਅਸੀ ਕਿਸੇ ਚੇਤਨਾ ਨੂੰ ਜਨਮ ਨਹੀਂ ਦੇ ਸਕਦੇ। ਗਲ ਇੱਕਲੀ ਕੁੜੀਆਂ ਦੇ ਬਾਗੀ ਹੋਣ ਦੀ ਨਹੀਂ, ਇਸ ਵਿਚ ਮੁੰਡਿਆਂ ਦੀ ਗਿਣਤੀ ਕੁੜੀਆਂ ਤੋਂ ਕਈਂ ਗੁਣਾ ਵੱਧ ਹੈ।ਸਾਨੂੰ ਘਬਰਾਉਣਾ ਵੀ ਨਹੀਂ ਚਾਹੀਦਾ ਕਿਉਕਿਂ ਘਬਰਾ ਜਾਣ ਨਾਲ ਸਾਹਮਣੇ ਵਾਲਾ ਦੁਸ਼ਮਣ ਹਮੇਸ਼ਾਂ ਭਾਰੂ ਹੋ



ਜਾਂਦਾ ਹੈ।

ਜਿੱਥੇ ਕੁਝ ਨੌਜਵਾਨਾਂ ਕਰਕੇ,ਪ੍ਰੇਸ਼ਾਨੀ ਹੈ,ਉਥੇ ਹੀ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਦੇਸ਼ਾਂ ਵਿਦੇਸ਼ਾਂ ਅੰਦਰ ਵਡੀ ਗਿਣਤੀ ਵਿਚ ਗੈਰ ਧਰਮ ਦੀ ਬੀਬੀਆਂ ਅਤੇ ਮਰਦ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗ ਰਹੇ ਹਨ। ਇਸ ਵਿਚ ਮੁਸਲਮਾਨ,ਇਸਾਈ ਤੇ ਹਿੰਦੂ ਬੀਬੀਆਂ ਦੀ ਵੀ ਵੱਡੀ ਗਿਣਤੀ ਸ਼ਾਮਲ ਹੈ।


ਇਨ੍ਹਾਂ ਦੋਹਵਾਂ ਕੇਸਾਂ ਵਿਚ ਅੰਤਰ ਇਹ ਕਿ ਅਜ ਤਕ ਕਿਸੇ ਵੀ ਸਿੱਖ ਤਨਜ਼ੀਮ ਨੇ ਦੂਜੇ ਫਿਰਕਿਆਂ ਦੀਆਂ ਮੁੱਟਿਆਰਾਂ ਨੂੰ ਝੂਠੇ ਪ੍ਰੇਮ ਜਾਲ ਵਿਚ ਫਸਾ ਕੇ ਜਾਂ ਕਿਸੇ ਹੋਰ ਢੰਗ ਰਾਹੀਂ ਗੁੰਮਰਾਹ ਕਰਕੇ ਸਿੱਖ ਬਨਾਉਣ ਵਾਲੇ ਵੀ ਸਿੱਖ ਨੌਜਵਾਨ ਦੀ ਕਦੀ ਮਦਦ ਨਹੀਂ ਕੀਤੀ ਅਤੇ ਅਜਿਹੀ ਮਾੜੀ ਹਰਕਤ ਲਈ ਕਰਣੀ ਵੀ ਨਹੀਂ ਚਾਹੀਦੀ,ਗੁਰਮਤਿ ਸਾਨੂੰ ਅਜਿਹਾ ਕਰਣ ਦੀ ਇਜਾਜਤ ਨਹੀਂ ਦੇਂਦੀ ।

ਯਾਦ ਰਹੇ ਕਿਸੇ ਦੀ ਬੱਚੀ ਨੂੰ ਬਦਨਾਮ ਕਰਣ ਜਾਂ ਉਸਦੇ ਜੱਜ਼ਬਾਤਾਂ ਨਾਲ ਖਿਲ੍ਵਾੜ ਕਰਨ ਦਾ ਹੱਕ।ਸਿੱਖ ਧਰਮ ਕਿਸੇ ਨੌਜਵਾਨ ਨੂੰ ਨਹੀਂ ਦੇਂਦਾ।

ਸਿੱਖ ਨੌਜਵਾਨਾਂ ਨੂੰ ਚਹੀਦਾ ਹੈ ਕਿ ਉਹ ਸਕੂਲਾਂ ਕਾਲਜਾਂ ਯੂਨੀਵਰਸਿਟੀਆਂ ਅਤੇ ਇਲਾਕੇ ਦੀਆਂ ਸਭਾਵਾਂ-ਕਮੇਟੀਆਂ ਵਿਚ ਸਿੱਖ ਬੀਬੀਆਂ-ਮੁਟਿਆਰਾਂ ਨੂੰ ਵਿਸ਼ੇਸ਼ ਸਥਾਨ ਦੇਣ ਅਤੇ ਉਨ੍ਹਾਂ ਨੂੰ ਸਮਾਜ ਤੇ ਕੌਮ ਪ੍ਰਤੀ ਬਣਦੀਆਂ ਜਿੰਮੇਂਵਾਰੀਆਂ ਨਿਭ੍ਹਾਉਣ ਲਈ ਹਰ ਯੋਗ ਮੋਕਾ ਦਿਤਾ ਜਾਵੇ ਅਤੇ ਸਾਰਿਆਂ ਵਲੋਂ ਰਲ ਮਿਲਕੇ ਪੰਥ ਦੀ ਚੜ੍ਹਦੀਕਲਾ ਲਈ ਯਤਨ ਕੀਤੇ ਜਾਣ।

ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਨੇ ਔਰਤ ਨੂੰ ਛੋਟੇ ਤੇ ਵੱਡੇ ਨੂੰ ਸੁਮੱਤ ਦੇਨ ਵਾਲੀ ਰਾਹ ਦਿਖਾਉਣ ਵਾਲੀ ਆਖਿਆ ਹੈ।ਹੁਕਮ ਹੈ :-" ਮਤੀ ਦੇਵੀ ਦੇਵਰ ਜੇਠਸ ॥"

# ਸਿੱਖ ਮੁੱਟਿਆਰਾਂ ਜੱਥੇਬੰਦ ਹੋਣ......



ਅੱਜ ਦੁਨੀਆਂ ਭਰ ਵਿਚ ਸਿੱਖ ਬੀਬੀਆਂ ਦੀ ਕੋਈ ਮੱਜਬੂਤ ਤੇ ਵੱਡੇ ਪੱਧਰ ਦੀ ਜੱਥੇਬੰਦੀ ਨਹੀਂ। ਬੀਬੀਆਂ ਦੇ ਹਕ ਤੇ ਅਜ਼ਾਦੀ ਦੀ ਗਲ ਕਰਣ ਵਾਲੀ ਕੌਮ ਵਿਚ ਅਜਿਹਾ ਹੋਣਾ ਮਾੜੀ ਨਹੀਂ ਬਹੁਤ ਹੀ ਦੁਖਦਾਈ ਗਲ ਹੈ।

ਬ੍ਰਾਹਾਮਣਵਾਦ ਤੇ ਪੁਜਾਰੀਵਾਦ ਵਲੋਂ ਔਰਤਾਂ ਤੇ ਕੀਤੇ ਜਾ ਰਹੇ ਮਨੁੱਖੀ ਹਨਨ ਦੇ ਖਿਲਾਫ ਸੰਘਰਸ਼ ਕਰਣ ਵਾਲੀ ਅਤੇ ਬੀਬੀਆਂ ਨੂੰ ਸਮਾਜ ਤੇ ਧਰਮ ਅਸਥਾਨਾ ਵਿਚ ਸਨਮਾਨ ਯੋਗ ਸਥਾਨ ਦਿਵਾਉਣ ਵਾਲੀ ਕੌਮ ਵਿਚ ਜੇ ਪੁਜਾਰੀਵਾਦ ਬੀਬੀਆਂ ਨੂੰ ਦਰਬਾਰ ਸਾਹਿਬ{ਅੰਮ੍ਰਿਤਸਰ}ਅੰਦਰ ਕੀਰਤਨ ਕਰਣ ਜਾਂ ਅੰਮ੍ਰਿਤ ਵੇਲੇ ਦੀ ਸੇਵਾ ਤੇ ਕੀਰਤਨ ਕਰਣ ਤੋਂ ਰੋਕੇ ਤਾਂ ਦੁਖ ਦੀ ਹੀ ਨਹੀਂ ਸ਼ਰਮ ਵਾਲੀ ਗਲ ਵੀ ਹੈ।

ਇਹ ਗਲਾਂ ਇਸ ਸ਼ੰਕੇ ਨੂੰ ਸੱਚ ਸਿੱਧ ਕਰਦੀਆਂ ਹਨ ਕਿ ਸਿੱਖ ਧਰਮ ਦੇ ਕੇਂਦਰੀ ਅਸਥਾਨਾਂ ਤੇ ਗੁਰਮਤਿ ਦੀ ਥਾਂ ਮਨਮਤ ਦਾ ਪਸਾਰ ਹੋ ਰਿਹਾ ਹੈ।ਖਾਲਸਾਵਾਦ ਦੀ ਥਾਂ ਬਿਪਰਵਾਦ ਅਪਣੇ ਪੈਰ ਮਜ਼ਬੂਤ ਕਰ ਰਿਹਾ ਹੈ।ਇਸ ਲਈ ਮਾਤਾ ਸਾਹਿਬ ਕੌਰ ਤੇ ਦਾਦੀ ਮਾਂ ਗੁੱਜਰ ਕੌਰ ਜੀ ਦੀ ਵਾਰਸ ਅਤੇ ਦਸਮ ਪਿਤਾ ਦੀਆਂ ਲਾਡਲੀਆਂ ਧੀਆਂ ਨੂੰ ਅਪਨੇ ਕੌਮੀਂ ਫਰਜ਼ਾਂ ਨੂੰ ਸਮਝਣਾ ਚਾਹੀਦਾ ਹੈ।ਮਨਮਤਿ ਵੀ ਕਰੀ ਜਾਨੀ ਤੇ ਸੁਖਮਣੀ ਸੁਸਾਇਟੀਆਂ ਬਣਾਕੇ ਗੁਰਬਾਣੀ ਵੀ ਪੜ੍ਹੀ ਜਾਨੀ ਅਤੇ ਗੁਰਮਤਿ ਪੜ੍ਹਨ-ਸੁਨਣ ਤੇ

ਮੰਨਣ ਨੂੰ ਕਦੀ ਤਿਆਰ ਨਾ ਹੋਣਾ। ਇਹ ਸਭ ਗੁਰੂ ਗ੍ਰੰਥ ਦੇ ਪੰਥ ਨੂੰ ਧੋਖੇ ਦੇਣ ਤੋਂ ਸਿਵਾ ਕੁਝ ਵੀ ਨਹੀਂ ਅਤੇ ਇੰਝ ਨਿਰੇ ਪਾਠਾਂ ਨਾਲ ਕੌਮ ਦੀਆਂ ਧੀਆਂ ਉਤੇ ਹੋ ਰਹੇ ਮਨੋਵਿਗਿਆਨਕ ਹਮਲੇ ਨਹੀਂ ਰੋਕੇ ਜਾ ਸਕਦੇ ਨਾਂ ਹੀ ਕੌਮ ਦੀ ਚੜ੍ਹਦੀਕਲਾ ਹੋ ਸਕਦੀ ਹੈ ਕਿਉਕਿ ਗੁਰੂ ਸਾਹਿਬ ਦਾ ਹੁਕਮ ਸੁਨਣ ਤੇ ਫਿਰ ਮਨਣ ਦਾ ਹੈ।

ਸਿੱਖ ਆਬਰੂ ਨੂੰ ਰੋਂਦਨ ਲਈ,ਮੌਕੇ ਦੀ ਤਲਾਸ਼ ਵਿਚ ਬੈਠੇ ਸ਼ਿਕਾਰੀਆਂ ਨੂੰ ਸਿੱਖ ਬੀਬੀਆਂ ਹੀ ਜੱਥੇਬੰਦ ਹੋਕੇ ਲਗਾਮ ਕਸਨ ਲਈ ਅਗੇ ਆਉਣ।

ਇਸ ਲਈ ਬਹਿਤਰ ਹੋਵੇਗਾ ਜੇ ਗੁਰੂਦੁਆਰਿਆਂ-ਕਾਲਜਾਂ-ਸਕੂਲਾਂ ਡੇਰਿਆਂ-ਜਿਥੇ ਵੀ ਹੋ ਸਕੇ,ਹਫ਼ਤੇ ਵਾਰੀ ਗੁਰਮਤਿ ਸੱਟਡੀ ਕਲਾਸਾਂ ਅਰੰਭ ਕੀਤੀਆਂ ਜਾਣ।ਜਿਨ੍ਹਾਂ ਵਿਚ ਸਿੱਖ ਇਤਿਹਾਸ,ਗੁਰਬਾਣੀ ਵਿਚਾਰ,ਸਿੱਖ ਮਸਲੇ,ਸਿੱਖ ਸਿੱਧਾਤ,ਕੌਮੀਂ ਮਸਲੇ ਤੇ ਉਨ੍ਹਾਂ ਦਾ ਹਲ,ਵਿਸ਼ਿਆਂ ਤੇ ਚਰਚਾ ਹੋਵੇ। ਇਨ੍ਹਾਂ ਕਲਾਸਾਂ 'ਚ ਗੁਰੂ ਕਾਲ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਤਕ {੧੯੮੪ ਤੋਂ ੨੦੧੧ ਤਕ} ਦਾ ਇਤਿਹਾਸ ਵਾਚਨਾ ਵੀ ਜਰੂਰੀ ਹੈ,ਤਾਂ ਜੋਂ ਪੁਰਾਤਨ ਤੇ ਵਰਤਮਾਨ ਹਾਲਾਤਾਂ ਹਮਲਿਆਂ ਤੇ ਹਮਲਾਵਰਾਂ ਨੂੰ ਸਮਝਿਆ ਜਾ ਸਕੇ। ਜਰੂਰੀ ਨਹੀਂ ਕਿ ਤੁਸੀ ਇਸ ਲਈ ਪੂਰੇ ਤਿਆਰ ਬਰ ਤਿਆਰ ਹੋਵੋਂ। ਤੁਸੀ ਕਿਤਾਬਾਂ ਤੇ ਮੈਗਜ਼ੀਨਾਂ ਦਾ ਸਹਾਰਾ ਵੀ ਲੈ ਸਕਦੇ ਹੋ।ਇਸੇ ਤਰਾਂ ਮੁੰਡਿਆਂ ਨੂੰ ਵੀ ਕਲਾਸਾਂ ਅਰੰਭ ਕਰਨੀਆਂ ਚਹੀਦੀਆਂ ਹਨ।

ਅਜ ਕਈਂ ਥਾਵਾਂ ਤੋਂ ਖਬਰਾ ਛੱਪ ਰਹੀਆਂ ਹਨ ਕਿ ਕਈਂ ਰੇਡੀਮੇਡ ਦੀ ਦੁਕਾਨਾ,ਡਾਕਟਰ ਕਲੀਨਿਕਾਂ ਅਤੇ ਹੋਟਲਾਂ ਵਿਚ ਸਮਾਜ ਵਿਰੋਧੀ ਤੱਤਵਾਂ ਨੇ ਕੈਮਰੇ ਲਗਾਏ ਹੋਏ ਹਨ। ਜਿਥੋਂ ਉਹ ਕੁੜੀਆਂ ਦੇ ਅਸ਼ਲੀਲ ਫੋਟੋ-ਮੂਵੀਜ਼ ਬਣਾ ਕੇ ਇੰਟਰਨੈਟ ਵਿਚ ਪਾ ਰਹੇ ਹਨ। ਇਹ ਲੋਕ ਇਸ ਤਰਾਂ ਬਲੈਕਮੇਲ ਵੀ ਕਰ ਸਕਦੇ ਹਨ। ਸਾਡੇ ਕੋਲ ਅਜਿਹੇ ਸੈਂਕੜੇ ਕੇਸ ਹਨ,ਜਿਨ੍ਹਾਂ ਵਿਚ ਕਈਂ ਬਦਮਾਸ਼ ਮੁੰਡੇ ਕੁੜੀਆਂ ਨਾਲ ਪਹਿਲੋ ਮਿੱਠੀਆਂ-ਮਿੱਠੀਆਂ ਗਲਾਂ ਕਰਦੇ ਹਨ,ਜਿਨ੍ਹਾਂ ਨੂੰ ਟੇਪ ਕਰ ਲਿਆ ਜਾਂਦਾ ਹੈ। ਫਿਰ ਕੁੜੀਆਂ ਨੂੰ ਬਲੈਕਮੇਲ ਕੀਤਾ ਜਾਂਦਾ ਹੈ।ਇਸ ਕੰਮ ਵਿਚ ਸਿਰਫ ਮੁੰਡੇ ਹੀ ਨਹੀਂ ਕੁਝ ਕੁੜੀਆਂ ਵੀ ਸ਼ਾਮਲ ਹਨ।ਜੋ ਕਈਂ ਅਮੀਰ ਮੁੰਡਿਆਂ ਨੂੰ ਕਲਿਪ-ਰਿਕਾਡਿੰਗ ਕਰਕੇ ਬਲੈਕਮੇਲ ਕਰਦੀਆਂ ਹਨ।

ਕਈਂ ਵਾਰ ਅੱਲੜ ਮੁੱਟਿਆਰਾਂ ਨੂੰ ਰਾਤੋ ਰਾਤ ਮਸ਼ਹੂਰ ਹੋਣ ਦਾ ਲਾਲਚ ਦੇਕੇ ਅਜਿਹੇ ਕਲਿਪ ਤਿਆਰ ਕੀਤੇ ਜਾ ਰਹੇ ਹਨ।ਅਜਿਹੇ ਕੇਸਾਂ ਵਿਚ ਸਿੱਖ ਮੁੱਟਿਆਰਾਂ ਨੂੰ ਸੁਚੇਤ ਕਰਨ ਵਿਚ ਸਿੱਖ ਬੀਬੀਆਂ ਦੀ ਭੂਮਿਕਾਂ ਬੜੀ ਅਹਿਮ ਹੋ ਸਕਦੀ ਹੈ,ਜੇ ਉਹ ਅਪਣਾ ਫਰਜ਼ ਸਮਝ ਜਾਣ ਤਾਂ...।ਖ਼ਾਲਸਾ ਜੀ ! ਜਦ ਕੋਈ ਆਪਣੀ ਬੁਜ਼ਦਿਲੀ ਤੇ ਕੰਮਜ਼ੋਰੀ ਨੂੰ ਦੇਖਦੇ ਹਾਂ,ਸੋਚਦੇ ਹਾਂ,ਅਗਰ-ਮਗਰ ਇਹ ਨਾ ਹੋਵੇ ਉਹ ਨਾ ਹੋਵੇ ਦੇ ਸ਼ਬਦੀ ਜਾਲ ਵਿਚ ਛੁਪਾਉਣ ਅਤੇ ਵਕਤ ਬਰਬਾਦ ਕਰਨ ਲਗ ਪਵੇ,ਉਸ ਲਈ ਕਾਮਯਾਬ ਹੋਣਾਂ ਓਖਾ ਹੋ ਜਾਂਦਾ ਹੈ।ਰਾਹੇਂ ਬਦਲਨੇ ਵਾਲੋਂ ਕੀ ਰਾਹੋਂ ਮੇ ਕਟ ਗਈ, ਜੇਹੀ ਹਾਲਤ ਬਣ

ਜਾਂਦੀ ਹੈ।ਤਾਂਹੀ ਤਾਂ ਗੁਰਬਾਣੀ ਦਾ ਫੁਰਮਾਣ ਹੈ :-"ਡਗ ਮਗ ਛਾਡਿ ਰੇ ਮਨ ਬੋਰਾ ।"
ਇਸ ਵਾਸਤੇ :-

'ਉਠੋ ਸਿੰਘਣੀਓ ਹੋਸ਼ ਵਿਚ ਆਵੋ,ਨਵਜ਼ ਪਹਿਚਾਣੋ ਜ਼ਮਾਨੇ ਦੀ'

ਹਿੰਦੀ ਅਖਬਾਰ ਤੇ ਮੈਗਜ਼ੀਨ...।

ਸਿੱਖ ਘਰਾਂ ਵਿਚ ਪੜੇ ਜਾਣ ਵਾਲੇ ਮੈਗਜ਼ੀਨ ਤੇ ਅਖ਼ਬਾਰ ਉੱਚ ਅਕਾਰੀ ਤੇ ਮਿਆਰੀ ਹੋਣੇ ਚਾਹੀਦੇ ਹਨ। ਅਕਸਰ ਘਰਾਂ ਵਿਚ ਕੁਝ ਇਹੋ ਜੇਹੇ ਅਖ਼ਬਾਰ ਤੇ ਮੈਗਜ਼ੀਨ ਵੇਖੇ ਜਾਂਦੇ ਹਨ ਜਿਨ੍ਹਾਂ ਨੂੰ ਪੜ੍ਹ-ਪੜ੍ਹ ਤੇ ਵੇਖ-ਵੇਖ ਕੇ ਬਚਿਆਂ ਦੇ ਦਿਮਾਗ ਉਨ੍ਹਾਂ ਦ੍ਰਿਸ਼ਾਂ ਤੇ ਕਹਾਣੀਆਂ ਨੂੰ ਜੀਵਨ ਦਾ ਹਿੱਸਾ ਮੰਨ ਲੈਂਦੇ ਹਨ।ਜਿਨ੍ਹਾਂ ਦੇ ਅਸਰ ਬਾਰੇ ਪਿੱਛੇ ਪੜ੍ਹ ਚੁਕੇ ਹਾਂ,ਸਿੱਖ ਘਰਾਂ ਵਿਚ ਕੋਈ ਨਾ ਕੋਈ ਪੰਥਕ ਰਸਾਲਾ ਜਰੂਰ ਲਗਿਆ ਹੋਣਾ ਚਾਹੀਦਾ ਹੈ।ਜੰਮੂ ਦੇ ਸ਼ਾਇਰ ਲਿਆਕਤ ਜ਼ਾਫਰੀ ਨੇ ਖੂਬ ਲਿਖਿਆ ਹੈ:-

"ਗਰ ਹਾਥੋਂ ਸੇ ਮੇਰੇ ਆਜ ਕਾ ਅਖਬਾਰ ਗਿਰ ਜਾਤਾ।
ਜਵਾਂ ਬੱਚੀ ਕੀ ਨਜ਼ਰੋਂ ਮੇਂ,ਮੇਰਾ ਕਿਰਦਾਰ ਗਿਰ ਜਾਤਾ"।

ਪਾਖੰਡੀ ਬਾਬਿਆਂ-ਸਾਧਾਂ ਤੋਂ ਬਚਕੇ ।

ਪੰਜਾਬ ਵਾਂਗ ਹੁਣ ਜੰਮੂ ਵਿਚ ਵੀ ਪਾਖੰਡੀ ਸਾਧਾਂ ਦੇ ਡੇਰਿਆਂ ਦੀ ਗਿਣਤੀ ਵੱਧਣ ਲਗ ਪਈ ਹੈ।ਛੋਟੇ ਛੋਟੇ ਗੁਰੂਦੁਆਰੇ ਤੇ ਹੋਰ ਕਈਂ ਨਾਵਾਂ ਹੇਠ ਕੇਂਦਰਾਂ ਦਾ ਨਾਂ ਵਰਤਕੇ ਇਹ ਆਪਣੇ ਪੈਰ ਜਮਾ ਰਹੇ ਹਨ।ਅਸ਼ੂਤੋਸ਼ ਤੇ ਹੋਰ ਕਈਂ ਸਾਧ ਵੀ ਜੰਮੂ ਵਲ ਰੁਖ ਕਰ ਰਹੇ ਹਨ।ਇਨ੍ਹਾਂ ਨੇ ਪੰਜਾਬ ਵਿਚ ਸੈਂਕੜੇ ਪੜ੍ਹੀਆਂ ਲਿਖੀਆਂ ਬੇ-ਰੁਜ਼ਗਾਰ ਕੁੜੀਆਂ ਨੂੰ ਅਪਣੀ ਦਾਸੀਆਂ ਬਣਾ ਕੇ ਰਖਿਆ ਹੋਇਆ ਹੈ।ਇਸ ਸਾਧ ਉਤੇ ਕੁੜੀਆਂ ਨਾਲ ਸ਼ਰੀਰਕ ਸ਼ੋਸ਼ਣ ਕਰਣ ਦਾ ਕਈਂ ਰਸਾਲਿਆ ਨੇ ਦੋਸ਼ ਲਾਇਆ ਹੈ।ਇਥੋਂ ਤਕ ਕੇ ਕਈ ਕੁੜੀਆਂ ਦੇ ਪਰਵਾਰਾਂ ਨੇ ਆਪਣੀਆਂ ਧੀਆਂ ਦਾ ਡਾਕਟਰੀ ਚੈਕਅੱਪ ਕਰਵਾਉਣ ਦੀ ਮੰਗ ਵੀ ਕੀਤੀ ਹੈ। ਉਹਨਾ ਦਾ ਕਹਿਣਾ ਹੈ ਕਿ ਉਹਨਾਂ ਦੀ ਕੁੜੀਆਂ ਨਾਲ ਡੇਰੇ ਵਿਚ ਸ਼ੋਸ਼ਣ ਕੀਤਾ ਜਾਂਦਾ ਹੈ,ਇਹ ਅਖਬਾਰਾਂ ਵਿਚ ਵੀ ਛਪ ਚੁੱਕਿਆ ਹੈ।

ਸਾਧ ਗੁਰਮੀਤ ਰਾਮ ਰਹੀਮ,ਸ਼ਮਸ਼ੇਰ...,ਸ਼ਿਕਾਂਗੋ ਵਾਲਾ,ਭਨਿਆਰਾ ਤੇ ਸੁਆਮੀਂ ਨਿਤਿਆਨੰਦ,ਅਚਾਰੀਏ ਜੋਗਿੰਦਰ ਸ਼ਰਮਾਂ ਸਮੇਤ ਕਈਂ ਸਾਧ ਇਨਾ ਕੇਸਾਂ ਵਿਚੋਂ ਲੰਗ ਰਹੇ ਹਨ।

ਜੰਮੂ ਦੇ ਇਕ ਪਾਖੰਡੀ ਬ੍ਰਾਹਮਣ ਸਾਧ ਨੇ ਕੁਝ ਸਮਾਂ ਪਹਿਲਾਂ ਹੀਂ ਅਪਣੀ ਪਤਨੀ ਤੇ ਇਕ ਮਾਸੂਮ ਜੇਹੀ ਬਚੀਂ ਨੂੰ ਘਰੋਂ ਕੱਢਕੇ ਅਪਨੀ ਇਕ ਅਖੌਤੀ ਚੇਲੀ ਨਾਲ ਵਿਆਹ ਕੀਤਾ ਹੈ।ਇਸ ਚੇਲੀ ਦੀ ਮਾਂ ਨੂੰ ਉਸਦੀ ਬੇਟੀ ਤੇ ਸਾਧ ਬਾਰੇ ਕਈਂ ਬਾਰ ਸੁਚੇਤ ਕੀਤਾ ਗਿਆ ਪਰ ਫਿਰ ਓਹੀ ਗਲ- ਸਾਡੀ ਕੁੜੀ ਨੂੰ ਬਦਨਾਮ ਨਾ ਕਰੋ...ਦਾ ਜੁਆਬ ਮਿਲਦਾ ਰਿਹਾ ਹੈ।

ਪੰਜਾਬ ਵਿਚ ਕਈਂ ਡੇਰੇ ਹਨ ਜਿੱਥੇ ਪੜ੍ਹੀਆਂ ਲਿਖੀਆਂ ਮੁਟਿਆਰਾਂ ਸਾਧਾਂ ਦੀਆਂ

ਚੇਲੀਆਂ ਬਣੀਆਂ ਹੋਈਆਂ ਹਨ।ਇਨ੍ਹਾਂ ਮੁਟਿਆਰਾਂ ਨੂੰ ਜਦ ਐਸ਼ਪ੍ਰਸਤੀ ਦੀ ਲਤ ਲਗ ਜਾਂਦੀ ਹੈ,ਖਰਚੇ ਪੂਰੇ ਨਹੀਂ ਹੋਂਦੇ। ਉਦੋਂ ਪਖੰਡੀ ਸਾਧਾਂ ਦੇ ਚੇਲਿਆਂ ਵਲੋਂ ਇਨ੍ਹਾਂ ਨੂੰ ਦਾਸੀਆਂ ਬਣਾਨਾ ਸੋਖਾਂ ਹੋ ਜਾਂਦਾ ਹੈ।ਸਾਧਾਂ ਦੇ ਡੇਰਿਆਂ ਵਿਚ ਇਨ੍ਹਾਂ ਨੂੰ ਮਿਊਜ਼ਿਕ ਕਲਾਸਾਂ,ਮਸਾਜ ਕੇਂਦਰ,ਬਿਊਟੀ ਪਾਰਲਰ,ਏ ਕਲਾਸ ਖਾਣਾ-ਪੀਣਾ ਮਿਲਦਾ ਹੈ

'ਅੰਨਾਂ ਕੀ ਭਾਲੇ ਦੋ ਅੱਖਾਂ'

ਇਸ ਬਦਲੇ ਇਨ੍ਹਾਂ ਕੁੜੀਆਂ ਨੂੰ ਤੋਤਾ ਰੱਟਨੀ ਮੰਤਰ ਕਹਾਣੀਆਂ ਤੇ ਸਾਧ ਦੀ ਉਸਤਤ ਕਰਣ ਦੇ ਢੰਗ ਸਿਖਨੇ ਪੈਂਦੇ ਹਨ। ਬ੍ਰਹਮ ਗਿਆਨ ਤੇ ਅਧਿਆਤਮਕ ਮਾਰਗ ਦੀਆਂ ਗਲਾਂ  ਢੋਂਗ ਅਤੇ ਸਾਧ ਜੀ ਨੂੰ ਭਗਵਾਨ ਜੀ ਬਣਾ ਕੇ ਪੇਸ਼ ਕਰ ਦਿਤਾ ਜਾਂਦਾ ਹੈ।ਫਿਰ ਪਖੰਡੀ ਬਾਬਿਆਂ ਦੀਆਂ ਮੋਜਾਂ ਈ ਮੋਜਾਂ ।ਬੱਬੂ ਮਾਨ ਠੀਕ ਆਖਦਾ ਹੈ :

'ਇਨ੍ਹਾਂ ਅਨਪੜ੍ਹ ਬੀਬੀਆਂ ਨੇ ਬੰਦੇ ਗਲ, ਰਬ ਦੀ ਤਖਤੀ ਪਾ ਤੀ'।

ਇਨ੍ਹਾਂ ਸਾਧਾਂ ਦਾ ਮਾਇਆ ਜਾਲ ਉਦੋਂ ਟੁੱਟਦਾ ਹੈ ਜਦੋਂ ਕੋਈ ਮੁੱਟਿਆਰ ਕਿਸੇ ਰਾਮ ਰਹੀਮ,ਨਿਤਿਆਨੰਦ,ਤੇ ਜਗੇੜੇ ਦੇ ਬਿੱਸਤਰ ਦਾ ਸਿੰਗਾਰ ਬਨਣ ਤੋਂ ਇਨਕਾਰ ਕਰਦੀ ਹੈ।

"ਇਹ ਹਰਿ ਕੇ ਸੰਤ ਨਾ ਆਖੀਏ,ਬਾਨਾਰਸ ਕੇ ਠਗ"।

ਹੁਣ ੬-੧-੨੦੧੧ ਦੀ ਤਾਜ਼ਾ ਖਬਰ ਹੈ। ਬਿੰਦਰਾਬਨ ਦੇ ਅਚਾਰੀਏ ਰਾਜਿੰਦਰ ਸ਼ਰਮਾਂ ਅਤੇ ਇਕ ਹੋਰ ਹਿੰਦੂ ਸਾਧ ਨਿਤਿਆਨੰਦ ਸੁਆਮੀਂ ਉਤੇ ਅਪਣੀਆਂ ਚੇਲੀਆਂ ਦੀ ਅਸ਼ਲੀਲ ਵੀਡੀਓ ਬਣਾ ਕੇ ਵੇਚਨ ਤੇ ਬਲਤਕਾਰ ਕਰਣ ਦੇ ਮਾਮਲੇ ਦਰਜ ਹੋਏ ਹਨ।ਇਸ ਤੋਂ ਕੁਝ ਹਫਤੇ ਪਹਿਲਾਂ ਇਕ ਹਿੰਦੂ ਸਾਧ, ' ਸੰਤ ਸ਼ਿਵਮੂਰਤੀ ਇੱਛਾਦਾਰੀ ' ਤੋਂ ੫੦੦ ਕੁੜੀਆਂ ਦੇ ਨੰਬਰ ਪਰਾਪਤ ਹੋਏ ਸਨ,ਜਿਨ੍ਹਾਂ ਨੂੰ ਸਾਧ ਧੰਦੇ ਲਈ ਵਰਤਦਾ ਸੀ।ਇਨ੍ਹਾਂ ਕੁੜੀਆਂ ਦੀ ਹੈਡ-ਦਲਾਲਨ ੨੬ ਫਰਵਰੀ ੨੦੧੦ ਦੀ ਅਖਬਾਰਾਂ ਵਲੋਂ ਪੰਜਾਬ ਦੀ ਰਹਿਣ ਵਾਲੀ 'ਸਨਮ ਪੰਜਾਬਣ' ਦਸੀ ਗਈ ਹੈ।



# ਸਾਧ ਰਾਮ ਰਹੀਮ ਦੀ ਇਕ ਚੇਲੀ ਵਲੋਂ, ਪ੍ਰਧਾਨ ਮੰਤਰੀ ਨੂੰ ਭੇਜੇ ਗਏ ਖਤ ਦੀ ਕਾਪੀ,

ਜਿਸ ਵਿਚ ਉਸਨੇ ਸਾਧ ਦੇ ਪਰਦੇ ਉਘੇੜੇ ਹਨ ਅਤੇ ਅਪਣੀ ਹੱਡ ਬੀਤੀ ਦਾ ਜ਼ਿਕਰ ਕੀਤਾ ਹੈ।ਇਹ ਚਿੱਠੀ ਆਈ.ਬੀ.੭ ਚੈਨਲ ਨੇ ਉਜਾਗਰ ਕੀਤੀ ਸੀ। ਪੰਜਾਬੀ ਅਨੁਵਾਦ ਦੀ ਕਾਪੀ ਧੰਨਵਾਦ ਸਹਿਤ ਡਾ:ਸੁਖਪ੍ਰੀਤ ਸਿੰਘ ਉਦੋਕੇ ਦੀ ਲਿਖਤ'ਖਾਲਸਾਈ ਜਾਹੋ ਜਲਾਲ'ਵਿਚੋਂ}

ਵਲ:- ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ

ਵਿਸ਼ਾ:-ਸੱਚੇ ਸੌਦੇ ਵਾਲੇ ਮਹਾਰਾਜ ਵਲੋਂ ਸੈਂਕੜੇ ਕੁੜੀਆਂ ਨਾਲ ਕੀਤੇ ਬਲਾਤਕਾਰ ਦੀ ਜਾਂਚ ਸੰਬੰਧੀ।

ਸ਼੍ਰੀ ਮਾਨ ਜੀ,

ਮੈਂ ਪੰਜਾਬ ਦੀ ਰਹਿਣ ਵਾਲੀ ਇਕ ਲੜਕੀ ਹਾਂ।ਮੈਂ ਡੇਰਾ ਸੱਚਾ ਸੌਦਾ ਸਿਰਸਾ {ਹਰਿਆਣਾ}ਵਿਚ ਸਾਧਵੀ ਦੇ ਤੌਰ 'ਤੇ ਪਿਛਲੇ ਪੰਜ ਸਾਲ ਤੋਂ ਸੇਵਾ ਕਰ ਰਹੀ ਹਾਂ।ਮੈਥੋਂ ਬਿਨਾਂ ਇਸ ਡੇਰੇ ਵਿਚ ਹੋਰ ਵੀ ਸੈਂਕੜੇ ਕੁੜੀਆਂ ਹਨ,ਜਿਹੜੀਆਂ ਹਰ ਰੋਜ਼ ੧੮ ਘੰਟੇ ਸੇਵਾ ਕਰਦੀਆਂ ਹਨ।

ਪਰ ਸਾਡਾ ਇਥੇ ਸਰੀਰਕ ਸ਼ੌਸ਼ਣ ਹੁੰਦਾ ਹੈ।ਡੇਰੇ ਦੇ ਮਹਾਰਾਜ ਗੁਰਮੀਤ ਸਿੰਘ ਕੁੜੀਆਂ ਨਾਲ ਬਲਾਤਕਾਰ ਕਰਦੇ ਹਨ।ਮੈਂ ਬੀ.ਏ.ਪਾਸ ਹਾਂ,ਮੇਰੇ ਪਰਿਵਾਰ ਦੀ ਮਹਾਰਾਜ ਵਿਚ ਅੰਨੀ ਸ਼ਰਦਾ ਹੈ,ਉਨ੍ਹਾਂ ਦੇ ਕਹਿਣ 'ਤੇ ਹੀ ਮੈਂ ਸਾਧਵੀ ਬਣੀ।

ਸਾਧਵੀ ਬਣਨ ਤੋਂ ਦੋ ਸਾਲ ਬਾਅਦ ਮਹਾਰਾਜ ਗੁਰਮੀਤ ਦੀ ਇਕ 'ਖਾਸ ਚੇਲੀ ਸਾਧਵੀ ਗੁਰਜੋਤ ਰਾਤੀਂ ੧੦ ਵਜੇ ਮੇਰੇ ਕੋਲ ਆਈ ਅਤੇ ਕਿਹਾ ਕਿ ਮਹਾਰਾਜ ਨੇ ਮੈਨੂੰ ਆਪਣੀ ਗੁਫਾ ਵਿਚ ਬੁਲਾਇਆ ਤੇ ਮੈਂ ਬੜੀ ਖੁਸ਼ ਹੋਈ ਕਿ ਮਹਾਰਾਜ ਨੇ ਖ਼ੁਦ ਮੈਨੂੰ ਬੁਲਾਇਆ ਹੈ ਤੇ ਮੈਂ ਪਹਿਲੀ ਵਾਰ ਉਨ੍ਹਾਂ ਕੋਲ ਜਾ ਰਹੀ ਸੀ।

ਮੈਂ ਜਦੋਂ ਪੌੜੀਆਂ ਉਤਰ ਕੇ ਥੱਲੇ ਗਈ ਅਤੇ ਮਹਾਰਾਜ ਦੀ ਗੁਫਾ ਵਿਚ ਦਾਖਲ ਹੋਈ ਤਾਂ ਦੇਖਿਆ ਕਿ ਮਹਾਰਾਜ ਬੈਡ ਤੇ ਬੈਠੇ ਸਨ।ਉਨ੍ਹਾਂ ਦੇ ਹੱਥ ਵਿਚ ਟੀ.ਵੀ ਦਾ

ਰਿਮੋਟ ਫੜਿਆਂ ਹੋਇਆ ਸੀ ਤੇ ਉਹ ਬਲੂ ਫ਼ਿਲਮ{ਅਸ਼ਲੀਲਫ਼ਿਲਮ}ਦੇਖ ਰਹੇ ਸਨ।

ਉਨ੍ਹਾਂ ਦੇ ਸਿਰਹਾਣੇ ਦੇ ਨਾਲ ਬੈਡ 'ਤੇ ਇਕ ਰਿਵਾਲਵਰ ਪਿਆ ਸੀ।ਇਹ ਸਾਰਾ ਕੁਝ ਦੇਖ ਕੇ ਮੈਂ ਘਬਰਾ ਗਈ।ਮੈਂ ਮਹਾਰਾਜ ਦੇ ਅਜਿਹੇ ਕਿਰਦਾਰ ਬਾਰੇ ਕਦੇ ਸੋਚਿਆ ਵੀ ਨਹੀਂ ਸੀ।ਮਹਾਰਾਜ ਨੇ ਟੀ.ਵੀ.ਬੰਦ ਕਰ ਦਿੱਤਾ

ਇਸਤਰੀ ਸਿਰਫ ਬੇਵਕੂਫਾਂ ਨੂੰ ਹੀ ਨਹੀਂ ਬਲਕਿ ਗਿਆਨ ਵਾਨਾ ਤੇ ਰਿਸ਼ੀਆਂ ਮੁਨੀਆਂ ਨੂੰ ਵੀ ਕੁਰਾਹੇ ਪਾ ਕੇ ਆਪਣੀਆਂ ਕਾਮਨਾਵਾਂ ਦਾ ਸ਼ਿਕਾਰ ਬਣਾ ਕੇ ਆਪਣੇ ਅਧੀਨ ਕਰ ਲੈਂਦੀ ਹੈ। ਇਸ ਲਈ ਇਸ ਤੋਂ ਹਮੇਸ਼ਾਂ ਬਚਕੇ ਰਹਿਣਾ ਚਾਹੀਦਾ ਹੈ।

ਇਸ ਲਈ ਇਸਤਰੀ ਨੂੰ ਕਦੀ ਵੀ ਆਜ਼ਾਦੀ ਨਹੀਂ ਦੇਣੀ ਚਾਹੀਦੀ,ਇਸਤਰੀ ਇਕ ਨੌਕਰ ਵਾਂਗ ਪਤੀ ਦੀ ਰਬ ਵਾਂਗ ਪੂਜਾ ਕਰੇ ਤੇ ਸੇਵਾ ਕਰੇ,ਜੇ ਉਹ ਨਹੀਂ ਕਰੇਗੀ ਤਾਂ ਅਗਲੇ ਜੀਵਨ ਵਿਚ ਗਿੱਦੜੀ ਬਣੇਗੀ।

ਅਗੇ ਮੰਨੂ ਹੋਰ ਲਿਖਦਾ ਹੈ:-"ਗੁਲਾਮ,ਲੜਕਾ ਅਤੇ ਪਤਨੀ ਤਿੱਨਾਂ ਦਾ ਜਾਇਦਾਦ ਤੇ ਕੋਈ ਅਧਿਕਾਰ ਨਹੀਂ ਹੋਣਾਂ ਚਹੀਦਾ।ਇਕ ਪਤੀ ਆਪਨੀ ਪਤਨੀ ਨੂੰ ਅਪਵਿੱਤਰਤਾ ਦੇ ਦੋਸ਼ ਵਿਚ ਤਲਾਕ ਦੇ ਸਕਦਾ ਹੈ।ਪਤਨੀ ਨੂੰ ਆਪਣੇ ਪਤੀ ਦੇ ਖਿਲਾਫ ਇਹ ਅਧਿਕਾਰ ਨਹੀਂ ਕਿ ਉਹ ਪਤੀ ਤੋਂ ਦੁਖੀ ਹੋਕੇ ਤਲਾਕ ਦੇ ਸਕੇ।

ਇਕ ਬਿਮਾਰ ਲੜਕੀ ਅਤੇ ਆਗਿਆ ਭੰਗ ਕਰਨ ਵਾਲੀ ਇਸਤਰੀ ਨੂੰ ਤਲਾਕ ਦੇਣਾ ਜਾਇਜ਼ ਹੈ।ਇਸਤਰੀ-ਵਿਦਿਆ ਪ੍ਰਾਪਤ ਕਰਣ ਦਾ ਹਕ ਵੀ ਨਹੀਂ ਰਖਦੀ ਕਿਉਂਕਿ ਇਸ ਨਾਲ ਉਸ ਦੀ ਸੁੰਦਰਤਾ ਘੱਟ ਜਾਂਦੀ ਹੈ।ਇਸਤਰੀ ਵੇਦਾਂ ਦਾ ਅਧਿਐਨ ਨਹੀਂ ਕਰ ਸਕਦੀ।

ਇਕ ਵਿਧਵਾ ਨੂੰ ਮੁੜ ਦੂਸਰੀ ਸ਼ਾਦੀ ਕਰਵਾਉਣ ਦੀ ਆਗਿਆ ਨਹੀਂ ਹੈ।"ਰਾਮਾਨੁਜ ਤੇ ਸ਼ੰਕਰ ਦੇਵ ਇਸਤਰੀ ਨੂੰ ਵੈਸ਼ਨਵ ਮਤ ਵਿਚ ਦਾਖਲ ਹੀ ਨਹੀਂ ਹੋਣ ਦਿੰਦੇ।ਇਹ ਹਨ ਹਿੰਦੂ ਧਰਮ ਦੇ ਔਰਤ ਪ੍ਰਤੀ ਵਿਚਾਰ ਇਕ ਤਾਂ ਔਰਤ ਨੂੰ ਮਾੜਾ ਨੀਚ ਬਘਿਆੜ ਤੇ ਦੁਖਾਂ ਦਾ ਕਾਰਨ ਦਸਿਆ ਜਾਂਦਾ ਰਿਹਾ ਅਤੇ ਉਸੇ ਔਰਤ ਨੂੰ ਹਿੰਦੂ ਸਮਾਜ ਵਿਚ ਬ੍ਰਹਾਮਣ ਦੇਵਤੇ ਦੀ ਕਾਮਵਾਸ਼ਨਾਵਾਂ ਨੂੰ ਪੂਰਿਆਂ ਕਰਣ ਲਈ ਦੇਵਦਾਸੀਆਂ ਬਣਾਕੇ

ਮੰਦਰਾਂ ਵਿਚ ਚਾੜ੍ਹ ਦੇਨ ਦੀ ਪ੍ਰਥਾ ਵੀ ਤੋਰੀ ਜਾਂਦੀ ਰਹੀ ਅਤੇ ਦੇਵੀ ਬਣਾਕੇ ਪੂਜਣ ਦਾ ਢੌਂਗ ਵੀ ਕੀਤਾ ਜਾਂਦਾ ਰਿਹਾ। ਇੰਝ ਔਰਤ ਮੂਰਖ ਬਣਦੀ ਰਹੀ।

ਤਾਮਿਲਨਾਡੂ ਤੇ ਮਨੀਪੁਰ ਆਦਿ ਸਟੇਟਾਂ ਵਿਚ ਹਿੰਦੂ ਵਿਦਵਾ ਔਰਤਾਂ ਨੂੰ ਤਮਾਮ ਉਮਰ ਚਿੱਟੀ ਸਾੜੀ ਪਾਉਣ ਲਈ ਮਜਬੂਰ ਕੀਤਾ ਜਾਂਦਾ ਹੈ।ਬੰਗਾਲ ਦੇ ਹਿੰਦੂ ਤਾਂ ਵਿਧਵਾ ਔਰਤਾਂ ਨੂੰ ਬਿੰਦਰਾਬਨ{ਕ੍ਰਿਸ਼ਨ ਜਨਮ ਭੂਮੀਂ}ਵਿਖੇ ਛਡ ਆਉਂਦੇ ਹਨ,ਜਿੱਥੇ ਇਨਾ ਬਦਨਸੀਬ ਔਰਤਾਂ ਨੂੰ ਦੇਵਦਾਸੀਆਂ ਬਣਾਂ ਕੇ ਰੋਜ ਲੁਟਿਆ ਤੇ ਬਰਬਾਦ ਕਿਤਾ ਜਾਂਦਾ ਹੈ। ਭਾਰਤ ਦੇ ਦੱਖਣ ਇਲਾਕੇ ਵਿਚ ਕਈਂ ਕਬੀਲਿਆਂ ਵਿਚ ਦੇਵਦਾਸੀ ਪ੍ਰਥਾ ਅਜ ਵੀ ਬਾ ਦਸਤੂਰ ਤੋਰੀ ਜਾ ਰਹੀ ਹੈ।ਜਿੱਥੇ ਇਹ ਕਬੀਲੇ ਆਪਣੀ ਮਾਸੂਮ ਤੇ ਨਾਬਾਲਗ ਬੱਚੀਆਂ ਨੂੰ ਮੰਦਰਾਂ ਵਿਚ ਦੇਵਦਾਸੀਆਂ ਬਣਾ ਕੇ ਭੇਟ ਕਰ ਰਹੇ ਹਨ। ਇਨ੍ਹਾਂ ਬੱਚੀਆਂ ਦੇ ਜਵਾਨ ਹੋਣ ਤੇ 'ਕਾਮਸੂਤਰ {ਹਿੰਦੂਆ ਦੇ}ਗ੍ਰੰਥ'ਦੀ ਸਿਖਿਆ ਅਧੀਨ ਸ਼ੋਸ਼ਣ ਕੀਤਾ ਜਾਂਦਾ ਹੈ।

ਜਿਨ੍ਹਾਂ ਨੂੰ ਦਰਸਾਂਦੀਆਂ ਤੇ ਵਿਰੋਧ ਕਰਦੀਆਂ ਕਈ ਹਿੰਦੀ ਫਿਲਮਾਂ ਤੇ ਨਾਟਕ ਅਜ ੨੧ਵੀਂ ਸਦੀ ਵਿਚ ਵੀ ਦੇਖੇ ਜਾ ਸਕਦੇ ਹਨ।ਭਾਰਤ ਦੀ ਵੰਡ ਤੋਂ ਬਾਅਦ ਇਨ੍ਹਾਂ ਕੇਸਾਂ ਵਿਚ ਕਾਫੀ ਸੁਧਾਰ ਹੋਇਆ ਹੈ। ਪਰ ਅੱਜ ਵੀ ਰਾਜਿਸਥਾਨ ਤੇ ਹੋਰ ਇਲਾਕਿਆਂ ਵਿਚੋਂ ਹਿੰਦੂਆਂ ਵਲੋਂ ਔਰਤਾਂ ਨੂੰ ਮਰਦ ਦੇ ਨਾਲ ਜਿਊਂਦਿਆਂ ਸਤੀ {ਸਾੜਨ}ਦੀਆਂ ਖਬਰਾਂ ਆ ਹੀ ਜਾਂਦੀਆਂ ਹਨ ।ਅਜੇ ਅਸੀ ਹਿੰਦੂ ਦੇਵਤਿਆਂ ਬ੍ਰਹਮਾਂ,ਵਿਸ਼ਨੂੰ,ਸ਼ਿਵ ਦੀਆਂ ਹਿੰਦੂ ਗ੍ਰੰਥਾਂ ਵਿਚ ਦਰਜ ਸਾਖੀਆਂ ਦੀ ਸਾਂਝ ਤਾਂ ਕੀਤੀ ਹੀ ਨਹੀਂ। ਜਿਨ੍ਹਾਂ ਵਿਚ ਹਿੰਦੂਆਂ ਵਲੋਂ ਭਗਵਾਨ ਕਹੇ ਜਾਂਦੇ ਦੇਵਤਿਆਂ ਨੇ ਅਪਨੀ ਹੀ ਧੀ ਨਾਲ,ਰ੍ਰਿਸ਼ੀ ਦੀ ਪਤਨੀ ਨਾਲ,ਰਾਜੇ ਦੀ ਪਤਨੀ ਤੇ ਬੇਟੀ ਨਾਲ ਜਬਰਣ ਸੰਭੋਗ {ਬਲਤਕਾਰ }ਕਰਣ ਵਾਲੀਆਂ ਕਰਤੂਤਾਂ ਕੀਤੀਆਂ ਹਨ। ਵਿਸ਼ਾਂ ਲਮਾਂ ਹੋ ਜਾਨ ਕਾਰਣ ਇੱਥੇ ਬਿਆਨ ਨਹੀਂ ਕਰ ਰਹੇ।

ਅਜਿਹੇ ਹਿੰਦੂ ਮਤ ਵਾਲੇ ਸੰਘੀਏ ਤੇ ਬੀ.ਜੇ.ਪੀ ਵਾਲੇ ਸਿੱਖਾਂ ਨੂੰ ਆਖਦੇ ਹਨ ।ਸਿੱਖ ਕੇਸਾਂਧਾਰੀ ਹਿੰਦੂ ਹਨ,ਹਿੰਦੂ ਮਤ ਦਾ ਹੀ ਹਿੱਸਾ ਹਨ। ਜਦ ਵੀ ਕੋਈ ਸੰਘੀਆ ਇਹ ਕਹੇ ਤਾਂ ਉਸ ਨੂੰ ਕਹੋ ਕਿ ਆਪਣੀਆਂ ਧੀਆਂ,ਭੈਣਾਂ,ਮਾਵਾਂ ਨਾਲ ਮਿਲਕੇ ਸ਼ਿੱਵ ਜੀ ਦੇ ਲਿੰਗ ਦੀ ਪੂਜਾ ਕਰਣ ਵਾਲੇ ਅਤੇ ਅਜਿਹੇ ਚਰੀਤਰ ਹੀਣ ਦੇਵਤਿਆਂ ਨੂੰ ਭਗਵਾਨ ਮੰਨਣ ਵਾਲਿਉ ! ਦੁਨੀਆਂ ਦੇ ਮਹਾਨ,ਨਿਰੋਏ ਤੇ ਜੂਨੀਵਰਸਲ ਧਰਮ ਵਾਲੇ ਸਿੱਖ ਤੁਹਾਡਾ ਹਿਸਾ ਕਿਵੇਂ ਹੋ ਸਕਦੇ ਹਨ ?

"ਹਵਸ ਕੇ ਬੰਦੇ ਵਫ਼ਾ ਕੋ ਬੇਚ ਦੇਤੇ ਹੈਂ।
ਖੁਦਾ ਕੇ ਗਰ ਕੀ ਕਿਆ ਕਹੇਂ,ਖ਼ੁਦਾ ਕੋ ਬੇਚ ਦੇਤੇ ਹੈਂ।" {ਇਕਵਾਲ}

ਅਜਿਹੇ ਭ੍ਰਿਸ਼ਟ ਸਮਾਜ ਤੋਂ ਗੁਰੂ ਸਾਹਿਬ ਨੇ ਭਾਰਤੀਆਂ ਨੂੰ ਅਤੇ ਔਰਤ ਨੂੰ ਆਜ਼ਾਦੀ ਦਿਵਾਈ ਹੈ ।ਜੇ ਮੁੜ ਕੋਈ ਗੁਲਾਮ ਬਣਨਾ ਚਾਉਂਦਾ ਹੈ ਤਾਂ ਉਹ ਸਿਰੇ ਦਾ ਮੂਰਖ ਹੀ ਹੋਵੇਗਾ।


# ਗੁਰਮਤਿ ਅਤੇ ਔਰਤ

ਜਿਸ ਵੇਲੇ ਔਰਤ ਨੂੰ ਪੈਰਾਂ ਹੇਠ ਲਿਤਾੜਿਆ ਜਾ ਰਿਹਾ ਸੀ,ਕੋਈ ਮਰਦ ਦੇ ਪੈਰ ਦੀ ਜੁਤੀ,ਕੋਈ ਪਰਦੇ ਦੀ ਗੁਲਾਮ, ਨੀਚ-ਪਾਪਣ,ਦੁਖ ਦੇਣਵਾਲੀ,ਅਸ਼ੁਭ ਤੇ ਕੋਈ ਕਾਮਪੂਰਤੀ ਦੀ ਵਸਤੂ ਕਹਿ ਰਿਹਾ ਸੀ,ਹਰ ਪਾਸੇ ਤੋਂ ਔਰਤ ਉਤੇ ਹਮਲੇ ਤੇ ਹਮਲੇ ਹੋ ਰਹੇ ਸਨ।ਉਸ ਵੇਲੇ ਮਰਦ-ਏ-ਕਾਮਲ ਸਿੱਖ ਧਰਮ ਦੇ ਸੰਸਥਾਪਕ ਬਾਬਾ ਨਾਨਕ ਸਾਹਿਬ ਜੀ ਨੇ ਔਰਤ ਵਿਰੋਧੀ ਸ਼ੰਸਾਰ ਭਰ ਦੀਆਂ ਤਾਕਤਾ ਅਤੇ ਕੌਮਾਂ ਨੂੰ ਵੰਗਾਰਦੇ ਹੋਇਆਂ ਔਰਤ ਦੇ ਹੱਕ ਵਿਚ ਨਾਅਰਾ ਦਿੱਤਾ ਅਤੇ ਕਿਹਾ:-

"ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ....?"

ਜਿਸ ਔਰਤ ਦੀ ਕੁੱਖ ਚੋਂ ਕੁਲ ਸੰਸਾਰ ਦਾ ਮਨੁਖ ਰਾਜਾ ਤੇ ਪਰਜਾ ਪੈਦਾ ਹੋਏ ਹਨ,ਉਸ ਜਨਨੀ ਨੂੰ ਮਾੜਾ-ਮੰਦਾ ਕਿਉਂ ਆਖਦੇ ਹੋ?ਪਹਿਲੀ ਵਾਰ ਗੁਰੂ ਸਾਹਿਬ ਵਲੋਂ ਔਰਤ ਨੂੰ ਬਤੀਹ ਸੁੱਲਖਨੀ-੩੨ ਮਹਾਨ ਗੁਣ੍ਹਾਂ ਵਾਲੀ ਆਖਕੇ ਸਨਮਾਨਿਆ ਗਿਆ:-

"ਬਤੀਹ ਸੁੱਲਖਣੀ ਸਚੁ ਸੰਤਤਿ ਪੂਤ॥ਆਗਿਆਕਾਰੀ ਸੁਘੜ ਸਰੂਪ॥ਇਛ ਪੂਰੇ ਮਨ ਕੰਤ ਸੁਆਮੀ॥ਸਗਲ ਸੰਤੋਖੀ ਦੇਰ ਜੇਠਾਨੀ॥੩॥ਸਭ ਪਰਵਾਰੈ ਮਾਹਿ ਸਰੇਸਟ॥ਮਤੀ ਦੇਵੀ ਦੇਵਰ ਜੇਸਟ॥ਧੰਨ ਸੁ ਗ੍ਰਿਹ ਜਿਤੁ ਪ੍ਰਗਟੀ ਆਇ॥ਜਨ ਨਾਨਕ ਸੁਖੇ ਸੁਖਿ



ਵਿਹਾਇ॥੪॥੩॥{ਗੁ.ਗ੍ਰ.ਸਾ.ਪੰਨਾ ੩੭੦}


ਗੁਰਬਾਣੀ ਵਿਚ ਦਸੇ ਗਏ ਬਤੀਹ ਸੁਲਖਣੀ ਔਰਤ ਦੇ ਬਤੀ ਗੁਣ ਭਾਈ ਕਾਨ ਸਿੰਘ ਜੀ ਨਾਭਾ ਨੇ ਇੰਝ ਬਿਆਨ ਕੀਤੇ ਹਨ:-

" ੧.ਸੁੰਦਰਤਾ ੨.ਸਵੱਛਤਾ ੩.ਲੱਜ਼ਾ ੪.ਚਤੁਰਾਈ ੫.ਵਿਦਿਆ ੬.ਸੇਵਾ ੭.ਪਤੀ ਤੇ ਪਰਿਵਾਰ ਦੀ ਸੰਭਾਲ ੮.ਦਇਆ ੯.ਸਤਯ ੧੦.ਪ੍ਰਿਯਬਾਣੀ ੧੧.ਪ੍ਰਸ਼ੰਨਤਾ ੧੨.ਨਿਮਰਤਾ ੧੩.ਨਿਸ਼ਕਪਟਤਾ ੧੪.ਏਕਤਾ ੧੫.ਧੀਰਜ ੧੬.ਧਰਮ ਨਿਸ਼ਠਾ ੧੭.ਸੰਜਮ ੧੮.ਉਦਾਰਤਾ ੧੯.ਗੰਭੀਰਤਾ ੨੦.ਉਦਮੀਂ ੨੧.ਸੂਰਵੀਰਤਾ ੨੨.ਰਾਗ ੨੩.ਕਾਵ ੨੪.ਚਿਤ੍ਰ ੨੫.ਔਸ਼ਧੀ ੨੬.ਰਸੋਈ ੨੭.ਸਿਉਣ ਦੀ ਕਲਾ ੨੮.ਪਰੋਣ ਦੀ ਵਿਦਿਆ ੨੯.ਘਰਦੀਆਂ ਵਸਤੂਆਂ ਨੂੰ ਯਥਾ ਯੋਗ ਸਿੰਗਾਰਨਾ ੩੦.ਬਜੁਰਗਾਂ ਦਾ ਮਾਨ ਕਰਨਾ ੩੧.ਘਰ ਆਏ ਪ੍ਰਹਾਣਿਆਂ ਦਾ ਸਨਮਾਨ ਕਰਨਾ ੩੨.ਸੰਤਾਨ ਦੀ ਪਾਲਨਾ ਕਰਨਾ {ਮਹਾਨ ਕੋਸ਼ ੧੯੬੦}

ਇੰਗਲੈਂਡ ਵਰਗੇ ਦੇਸ਼ਾਂ ਵਿਚ ਵੀ ਔਰਤ ਨੂੰ ਵੀਹਵੀਂ ਸਦੀ ਦੇ ਆਰੰਭ ਵਿਚ ਮਰਦ ਦੇ ਬਰਾਬਰ ਵੋਟ ਪਾਉਣ ਦਾ ਹਕ ਮਿਲਿਆ ਪਰ ਸਿੱਖਾਂ ਵਲੋਂ ਸਤਾਰਵੀਂ-ਅਠਾਰਵੀਂ ਸਦੀ ਵਿਚ ਹੀ ਔਰਤ ਨੂੰ ਘੁੰਢ,ਬੁਰਕੇ ਤੇ ਸਤੀ ਪ੍ਰਥਾ ਵਰਗੀ ਰਸਮਾਂ ਤੋਂ ਨਜਾਤ ਦਿਲਾ ਕੇ ਮਰਦਾਂ ਦੇ ਬਰਾਬਰ ਸਭ ਅਧਿਕਾਰ ਦੇ ਦਿਤੇ ਗਏ ਸਨ ਅਤੇ ਗੁਰੁ ਸਾਹਿਬ ਵਲੋਂ ਬੜੇ ਮਾਣ ਨਾਲ ਔਰਤ ਨੂੰ ਮਰਦ ਦਾ ਇਮਾਨ-ਇਜ਼ਤ ਐਲਾਨਿਆਂ ਗਿਆ ਸੀ:-

"ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰ ਕਹੀਐ ਸੋਇ॥{ਪੰਨਾ੭੮੮}
ਪੂਤਾ ਮਾਤਾ ਕੀ ਆਸੀਸ॥{ਪੰਨਾ੪੯੬}
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ॥{ਪੰਨਾ੭੮੭}
"ਔਰਤ ਇਮਾਨ ਹੈ,
ਬੇਟਾ ਨਿਸ਼ਾਨ ਹੈ,
ਦੌਲਤ ਗੁਜ਼ਰਾਨ ਹੈ,"-{ਗੁਰੂ ਹਰਗੋਬਿੰਦ ਸਾਹਿਬ ਜੀ}

ਕਹਿਕੇ ਸਿੱਖ ਧਰਮ ਨੇ ਔਰਤ ਨੂੰ ਪੱਖਪਾਤੀ ਤੇ ਕੱਟਰਵਾਦੀ ਨਿਜ਼ਾਮ ਦੀਆਂ ਬੰਦਸ਼ਾਂ ਤੋਂ ਮੁਕਤ ਕਰਵਾ,ਆਜ਼ਾਦ ਫਿਜ਼ਾ ਵਿਚ ਸਾਹ ਲੈਣ ਯੋਗ ਬਣਾਇਆ ਹੈ।ਬਾਲ ਵਿਆਹ,ਪਰਦੇ-ਘੁੰਡ ਦੀ ਰੀਤ,ਸਤੀ ਪ੍ਰਥਾ,ਸੂਤਕ ਆਦਿ ਪ੍ਰਚਲਿਤ ਕੁਰੀਤੀਆਂ ਨੂੰ ਹਮੇਸ਼ਾਂ ਲਈ ਖ਼ਤਮ ਕਰ ਦਿਤਾ।ਵਿਧਵਾ ਔਰਤ ਨੂੰ ਦੂਜੇ ਵਿਆਹ ਦਾ ਹੱਕ ਦਿਲਵਾਇਆ।ਜਿਸ ਬਦੋਲਤ ਔਰਤ ਅੱਜ ਇਹ ਕਹਿਣ ਯੋਗ ਬਣੀ ਹੈ ਕਿ ਮੈਂ ਆਜ਼ਾਦ ਹਾਂ।ਹਿੰਦੂ ਤੇ ਇਸਲਾਮ ਮਤ ਨੇ ਔਰਤ ਨੂੰ ਜਨਿਊ ਤੇ ਸੁੰਨਤ ਦਾ ਹਕ ਨਾ ਦਿੱਤਾ । ਇਸਾਈਅਤ ਨੇ ਪਾਦਰੀ ਤੇ ਬੁੱਧ ਮਤ ਨੇ ਭਿੱਕਸ਼ੂ ਬਨਣ ਦਾ ਹਕ ਨਾ ਦਿੱਤਾ।ਖ਼ਾਲਸਾ ਪੰਥ ਨੇ ਔਰਤ ਨੂੰ ਖੰਡੇ ਦੀ ਪਾਹੁਲ ਦੇ ਕੇ ਜੱਥੇਦਾਰ-ਪ੍ਰਦਾਨ ਬਨਣ ਦਾ ਹਕ ਦਿਲਵਾਇਆ ਅਤੇ ਮਰਦ ਦੇ ਬਰਾਬਰ ਧਰਮ ਦੀ ਹਰ ਮਰਿਆਦਾ ਨਿਭਾਉਣ ਅਤੇ ਦੁਖ-ਸੁਖ ਵਿਚ ਸ਼ਾਮਲ ਹੋਣ ਦਾ



ਪੂਰਨ ਹਕ ਦਿੱਤਾ।ਹਿੰਦੂ ਤੇ ਇਸਲਾਮ ਮਤ ਨੇ ਕਿਰਪਾਨ ਤੇ ਪੱਗੜੀ ਪਹਿਨਣ ਦਾ ਹਕ ਸਿਰਫ ਮਰਦ ਨੂੰ ਦਿੱਤਾ ਸੀ ।ਪਰ ਖ਼ਾਲਸਾ ਪੰਥ ਨੇ ਗੁਰਮਤਿ ਸਿਧਾਤਾਂ ਵਿਚ ਔਰਤ ਨੂੰ ਦਸਤਾਰ ਤੇ ਸ਼ੱਸਤਰ {ਕਿਰਪਾਨ}ਪਹਿਨਣ ਦਾ ਹਕ ਦਿੱਤਾ।

ਜਿਸ ਔਰਤ ਨੂੰ ਦਾਸੀ ਤੇ ਗੁਲਾਮ ਕਿਹਾ ਜਾਂਦਾ ਸੀ। ਉਸ ਔਰਤ ਨੂੰ ਖ਼ਾਲਸਾ ਪੰਥ ਨੇ ਕੌਰ {ਸ਼ਹਿਜ਼ਾਦੀ}ਸਿਰਦਾਰਨੀ{ਮਰਦ ਦੇ ਬਰਾਬਰ ਆਗੂ}ਸਿੰਘਣੀ{ਸਿੰਘ-ਸ਼ੇਰ ਦੇ ਮੁਕਾਬਲੇ ਸ਼ੇਰਨੀ-ਸਿੰਘਣੀ} ਬਣਾ ਦਿਤਾ ਅਤੇ ਪੰਜ ਕੱਕਾਰ ਪੁਆ ਕੇ ਖ਼ਾਲਸਾ ਵਰਗੇ ਮਹਾਨ ਮਾਰਸ਼ਲ-ਰੁਤਬੇ ਨਾਲ ਨਿਵਾਜਦਿਆਂ,ਸਿੱਖੀ ਦੇ ਪ੍ਰਚਾਰ ਕੇਂਦਰਾਂ,ਲੰਗਰਾਂ,ਫੌਜਾਂ ਦਾ ਇੰਚਾਰਜ-ਪ੍ਰੰਬਧਕ ਬਣਾਕੇ,ਪੈਰ ਦੀ ਜੁਤੀ ਤੋਂ ਉਠਾ ਕੇ ਤਖਤਾਂ-ਤਾਜ਼ਾਂ-ਤਲਵਾਰਾਂ-ਦੀ ਸਿਰਦਾਰਨੀ ਮਾਲਕ ਬਣਾ ਦਿਤਾ।ਇਸ ਨੂੰ ਆਖਦੇ ਹਨ ਅਜ਼ਾਦ ਔਰਤ ।

ਜਿਸ ਨੂੰ ਅਜ ਦੀ ਕੁੜੀਆਂ ਅਜ਼ਾਦੀ ਮਨੀ ਬੈਠੀਆਂ ਹਨ ਉਹ ਆਜ਼ਾਦੀ ਨਹੀਂ ਅਸਲ ਵਿਚ ਬਰਬਾਦੀ ਹੈ।ਗੁਰੂ ਸਾਹਿਬ ਨੇ ਔਰਤ ਨੂੰ ਸਮਾਜ ਵਿਚ ਇਕਸਾਰਤਾ ਬਨਾਉਣ ਵਾਲੀ,ਮਨੁਖੀ ਨਸਲ ਜਨਮ ਦੇਨ ਵਾਲੀ,ਮਨੁਖੀ ਰਿਸ਼ਤਿਆਂ ਨੂੰ ਜੋੜਨ ਵਾਲੀ,ਮਨੁੱਖ ਦਾ ਸਵੈਵਿਸ਼ਵਾਸ ਤੇ ਮਾਨ ਵਦਾਉਣ ਵਾਲੀ ਚੰਗੇਰੀ ਮਾਂ,ਨੇਕ ਪਤਨੀ ਮਰਦ ਦਾ ਇਮਾਨ ਅਤੇ ਬਹੁਤ ਕੁਝ ਦਸਿਆ ਹੈ।ਪਰ ਅਜ ਫਿਰ ਔਰਤ ਆਖੋਤੀ ਆਜ਼ਾਦੀ ਦੇ ਬੈਨਰ ਹੇਠ ਮੌਡਰਿਨਿਜ਼ਮ ਤੇ ਮੌਡਲਿੰਗ ਦੇ ਨਾਂ ਹੇਠ ਆਪਨੇ ਆਪ ਨੂੰ ਆਪਨੀ ਆਜ਼ਾਦੀ ਨੂੰ ਖਤਮ ਕਰਣ ਵਿਚ ਰੁਝੀ ਹੋਈ ਹੈ।

ਪ੍ਰੋ.ਪ੍ਰਭਜੋਤ ਕੌਰ ਇਸ ਬਾਰੇ ਲਿਖਦੀ ਹੈ:-"ਗੁਲਾਮ ਮਾਨਸਿਕਤਾ ਦੇ ਧਾਰਨੀ ਪੁਰਸ਼ ਇਸਤਰੀਆਂ ਹੀ ਸਮਾਜਿਕ ਅਨਿਆਂ ਕਰਦੇ ਅਤੇ ਸਹਾਰਦੇ ਹਨ।ਮਨੋਵਿਗਿਆਨੀਆਂ ਅਨੁਸਾਰ ਅਜਿਹੇ ਵਿਅਕਤੀਆਂ ਦੀ ਸ਼ਖਸ਼ੀਅਤ ਹੇਠ ਲਿਖੇ ਲੱਛਣਾਂ ਦੀ ਸ਼ਿਕਾਰ ਹੁੰਦੀ ਹੈ:-

੧.ਆਪਣੇ ਬਾਰੇ ਉੱਚੀ ਰਾਏ ਨਾ ਰੱਖਣਾ।

੨.ਆਤਮ ਸਨਮਾਨ ਦੀ ਘਾਟ।

੩.ਉਦਾਸ ਰਹਿਣ ਦੀ ਪ੍ਰਵਿਰਤੀ।

੪.ਪਰਿਵਾਰਕ ਮਾਹੌਲ ਤਣਾਉ ਪੂਰਨ ਰਹਿਣਾ

੫.ਨਸ਼ਿਆਂ ਦਾ ਸੇਵਨ ਅਤੇ ਸ਼ੱਕੀ ਸੁਭਾਉ।

੬.ਬਚਪਨ ਵਿਚ ਅਨਿਆਂ ਅਤੇ ਹਿੰਸਾ ਦਾ ਸ਼ਿਕਾਰ ਹੋਣਾ।

ਇਕ ਮਹਾਨ ਮਨੋਵਿਗਿਆਨੀ ਹੋਣ ਦੇ ਨਾਤੇ ਸਾਰੇ ਗੁਰੂ ਸਾਹਿਬਾਨ ਇਹਨਾਂ ਸੱਚਾਈਆਂ ਤੋਂ ਵਾਕਫ ਸਨ।ਇਸ ਲਈ ਉਨ੍ਹਾਂ ਸਮਾਜ ਦੀ ਸਿਰਜਕ ਇਸਤਰੀ ਨੂੰ ਆਤਮਕ ਸਨਮਾਨ ਭਰਿਆ ਜੀਵਨ ਜੀਉਣ ਦੇ ਕਾਬਲ ਬਾਣਾਉਣ ਲਈ ਅਮਲੀ ਕਦਮ ਚੁੱਕੇ ਸਨ।ਇਸਤਰੀ ਨੂੰ ਨੀਵੇਂਪਣ ਦੀ ਡੂੰਗੀ ਖੱਡ ਵਿਚ ਸੁੱਟਣ ਜੰਮਦੀਆਂ ਬੱਚੀਆਂ ਨੂੰ ਮਾਰਨ ਦੀ ਰਸਮ ਨੂੰ ਸਖਤੀ ਨਾਲ ਬੰਦ ਕਰਨ ਲਈ,ਦਸਮ ਪਾਤਸ਼ਾਹ ਦਾ ਜੂਨ ੧੬੯੯ ਵਿਚ ਕਾਬਲ ਦੀ ਸੰਗਤਾਂ ਦੇ ਨਾਮ ਭੇਜਿਆ ਹੁਕਮਨਾਮਾ ਵੀ ਇਸ ਗੱਲ ਦੀ ਦ੍ਰਿੜਤਾ ਕਰਵਾਉਂਦਾ ਹੈ।"

ਗੱਲ ਵਖਰੀ ਹੈ ਕਿ ਔਰਤ ਦੀ ਅਜ਼ਾਦੀ ਲਈ ਸਿੱਖਾਂ ਵਲੋਂ ਲੜੀ ਗਈ ਕ੍ਰਾਂਤੀ ਲਹਿਰ ਨੂੰ ਅਜ਼ ਦੀ ਬਹੁ ਗਿਣਤੀ ਔਰਤ ਭੁਲਦੀ ਜਾ ਰਹੀ ਹੈ ਅਤੇ ਉਹ ਆਪਣੇ ਵਿਰੋਧੀਆਂ ਦੇ ਮਨੋਵਿਗਿਆਨਕ ਹਮਲਿਆਂ ਦਾ ਸ਼ਿਕਾਰ ਹੋਕੇ ਮੁੜ ਉੱਸੇ ਗੁਲਾਮੀ ਵਾਲੇ ਦੌਰ ਵਲ ਰੁਖ ਕਰ ਰਹੀ ਅਤੇ ਸਿੱਖੀ ਤੋਂ ਉਸ ਨੂੰ ਦੂਰ ਕੀਤਾ ਜਾ ਰਿਹਾ ਹੈ।

ਜਿਸ ਨਾਲ ਉਸਦੀ ਆਜ਼ਾਦੀ ਨੂੰ ਦਿਨ ਬਾ-ਦਿਨ ਖਤਰਾ ਵੱਧਦਾ ਜਾ ਰਿਹਾ ਹੈ।ਗੁਰੂ ਗ੍ਰੰਥ ਸਾਹਿਬ ਜੀ ਵਲੋਂ ਦਿੱਤੇ ਗਏ ਜਿਨ੍ਹਾਂ ਗੁਣਾਂ ਨੇ ਔਰਤ ਨੂੰ ਦੁਨੀਆਂ ਵਿਚ ਮਹਾਨ ਰੋਲ ਮਾਡਲ ਬਣਾਨਾ ਸੀ, ਉਨ੍ਹਾਂ ਚੰਗਿਆਈਆਂ ਤੋਂ ਔਰਤ ਨੂੰ ਤੋੜ ਕੇ ਪੰਜ ਸੱਦੀਆਂ ਪਹਿਲੀ ਔਰਤ ਬਣਾਉਨ ਦੇ ਯਤਨ ਕੀਤੇ ਜਾ ਰਹੇ ਹਨ।ਕਲ ਤਕ ਔਰਤ ਨੂੰ ਦੇਵਦਾਸੀ ਬਣਾਇਆ ਗਿਆ ਸੀ।ਅਜ ਹੌਟਲਾਂ-ਬਾਰਾਂ-ਕਲੱਬਾਂ ਦਾ ਸ਼ਿਗਾਰ ਬਣਾਇਆ ਜਾ ਰਿਹਾ ਹੈ। ਕਲ ਕੋਠੇਵਾਲੀ ਕਿਹਾ ਜਾਂਦਾ ਸੀ,ਅਜ ਕਾਲ ਗਰਲ {ਸੀ.ਜੀ}ਕਿਹਾ ਜਾਂਦਾ ਹੈ। ਕਲ ਹਮਲਾਵਰ ਤੇ ਪੁਜਾਰੀ ਜੰਬਰਣ ਉਠਾਕੇ ਮੰਡੀਆਂ ਵਿਚ ਬੇਚਦੇ ਸਨ,ਅਜ ਉਹ ਆਪਣੀ ਮਰਜ਼ੀ ਨਾਲ ਵਿਕ ਰਹੀ ਹੈ।ਤੁਸੀ ਵੇਖ ਸਕਦੇ ਹੋ ਕਿ ਅਜ ਕਿਸੇ ਵੀ ਐਡ-ਮਸ਼ਹੂਰੀ ਵਿਚ ਭਾਵੇਂ ਉਹ ਪਰਫਿਊਮ ਦੀ ਹੋਵੇ,ਪਾਊਡਰ,ਸੀਮੈਂਟ,ਤੇਲ ਸ਼ੈਮਪੂ,ਕੱਪੜੇ,ਕਾਰ,ਮੋਟਰ ਸਾਈਕਲ,ਦਾਰੂ,ਜਾਂ ਟੀ.ਵੀ ਦੀ ਹੋਵੇ ਹਰ ਥਾਂ ਔਰਤ ਦੇ ਸ਼ਰੀਰ ਨੂੰ ਨੁਮਾਇਸ਼ ਤੇ ਮਨਪਰਚਾਵੇ ਲਈ ਵਰਤਿਆ ਜਾਂਦਾ ਹੈ। ਕੀ ਅੱਜ ਦੀ ਭਾਸ਼ਾ ਵਿਚ ਜਿਸਮ ਵੇਚਣ ਦੇ ਮਿਲੇ ਅਧਿਕਾਰ ਨੂੰ ਹੀ ਅਜ਼ਾਦੀ ਆਖਦੇ ਹਨ ?

ਇਸ ਗਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਲ ਤਕ ਜਿੱਨੇ ਤਸ਼ੱਦਦ ਮਰਦਾਂ ਵਲੋਂ ਔਰਤਾਂ ਤੇ ਕੀਤੇ ਗਏ ਸਨ ਅਤੇ ਕਈਂ ਥਾਵਾਂ ਤੇ ਅੱਜ ਵੀ ਹੋ ਰਹੇ ਹਨ।ਓਹੀ ਜ਼ੁਲਮ ਅੱਜ ਕਈਂ ਥਾਵਾਂ ਤੇ ਇਕ ਔਰਤ ਵਲੋਂ ਦੂਜੀ ਔਰਤ ਉਤੇ ਕੀਤੇ ਜਾ ਰਹੇ ਹਨ।ਜੇ ਨਿੱਤ ਦੀਆਂ ਖਬਰਾਂ ਨੂੰ ਗੌਰ ਨਾਲ ਪੜ੍ਹਿਆ ਸੁਣਿਆ ਜਾਵੇ ਤਾਂ ਤੁਸੀ ਵੇਖ ਸਕਦੇ ਹੋ ਕਿ ਰੋਜ਼ ਮੱਰਾ ਦੀਆਂ ਖ਼ਬਰਾਂ ਵਿਚ ਜੋ ਮੁਟਿਆਰਾਂ ਦਾਜ ਦੀ ਬਲੀ ਚੜ ਰਹੀਆਂ ਹਨ।ਉਸ ਪਿਛੇ ਸੱਸ,ਜਿਠਾਣੀ,ਨਨਾਣ ਦੇ ਰੂਪ ਵਿਚ ਔਰਤ ਹੀ ਦੋਸ਼ੀ ਪਾਈ ਜਾਂਦੀ ਹੈ। ਦਾਜ ਘੱਟ ਲਿਆਉਣ ਜਾਂ ਕੋਈ ਭੁਲ ਹੋ ਜਾਣ ਤੇ ਵੀ ਔਰਤ ਨੂੰ ਸਭ ਤੋਂ ਵੱਧ ਤਾਹਣੇ-ਮੇਹਣੇ ਵੀ ਇਕ ਔਰਤ ਤੋਂ ਹੀ ਸੁੰਨਣੇ ਪੈਂਦੇ ਹਨ।ਜੇ ਜਿਸਮ ਫਰੋਸ਼ੀ ਦੀਆਂ

ਮੰਡੀਆਂ ਬਾਰੇ ਖਬਰ ਛਪਦੀ ਹੈ ਤਾਂ ਉਸ ਵਿਚ ਵੀ ਔਰਤ ਦੀ ਦਲਾਲ ਔਰਤ ਹੀ ਦਸੀ ਜਾਂਦੀ ਹੈ।ਜੇ ਅਸੂਲਾਂ ਰਹਿਤ ਅਜ਼ਾਦੀ ਹੀ ਮਸਲਿਆਂ ਦਾ ਹਲ ਹੁੰਦੀ ਤਾਂ ਬੀਤੇ ਸਮੇਂ ਦੇ ਮੁਕਾਬਲੇ ਅੱਜ ਤਲਾਕ ਤੇ ਸੜ ਮਰਣ ਦੀਆਂ ਘਟਨਾਵਾਂ ਵਿਚ ਸਿਰੇ ਦਾ ਵਾਧਾ ਨਾਂ ਹੁੰਦਾ। ਮਰਦਾਂ ਵਾਂਗ ਔਰਤਾਂ ਵਿਚ ਨਸ਼ਿਆਂ ਦਾ ਰੁਝਾਨ ਨਾ ਵੱਧਦਾ।

ਅਜਿਹੇ ਕਿਰਦਾਰ ਨੂੰ ਵੇਖ ਕੇ ਗੁਰੂ ਸਾਹਿਬ ਨੇ ਕੁੱਚਜੀ,ਦੁਹਾਗਣ ਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਸੀ।

"ਰੰਨਾ ਹੋਈਆ ਬੋਧੀਆਂ ਪੁਰਸ ਹੋਏ ਸਈਆਦ"

ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਔਰਤ ਵਿਚ ਜੋ ਮਹਾਨ ਗੁਣ ਵੇਖਣਾ ਚਾਹੁੰਦੇ ਹਨ ਸ਼ਾਇਦ ਅਜੇ ਉਹ ਬਹੁਤ ਦੂਰ ਦੀ ਗਲ ਹੈ।ਇਸੇ ਲਈ ਸਯੁੰਕਤ ਰਾਸ਼ਟਰ ਦੀ ਨਵੀਂ ਰਿਪੋਰਟ ਨੇ ਦਾਵਾ ਕੀਤਾ ਹੈ ਕਿ "ਚੀਨ ਵਿਚ ਹਰ ਸਾਲ ਤਿਨ ਕਰੋੜ ਕੁੜੀਆਂ ਨੂੰ ਭਰੂਣ ਹਤਿਆ ਤਹਿਤ ਮਾਰਿਆ ਜਾ ਰਿਹਾ ਹੈ,ਦੂਜੇ ਨੰਬਰ ਤੇ ਭਾਰਤ ਹੈ ਜਿਥੇ ਹਰ ਸਾਲ ਦੋ ਕਰੋੜ ਉਨੱਤਰ ਲੱਖ ਕੁੜੀਆਂ ਨੂੰ ਮਾਂ ਦੇ ਗਰਭ ਵਿਚ ਕਤਲ ਕਿਤਾ ਜਾਂਦਾ ਹੈ,ਜਦੋਂ ਕਿ ਪਾਕਿਸਤਾਨ ਵਿਚ ਇਹ ਗਿਣਤੀ ਪੈਂਤੀ ਲਖ ਹੈ।ਔਰਤ ਨੂੰ ਕਲ ਦੇਵੀ ਬਣਾਕੇ ਮੂਰਖ ਬਣਾਇਆ ਗਿਆ ਸੀ,ਅਜ ਐਜੂਕੇਟਿਡ ਦੱਸਦੇ ਹੋਏ ਉਸਦੀ ਲਾਈਫ ਨੂੰ ਯੌਰਪ ਦੀ ਤਰਜ-ਏ-ਜਿੰਦਗੀ ਕਹਿਕੇ ਮੂਰਖ ਬਣਾਇਆ ਜਾ ਰਿਹਾ ਹੈ ਅਤੇ ਔਰਤ ਸਮਝ ਰਹੀ ਹੈ ਮੈਂ ਅਜ਼ਾਦ ਹਾਂ...ਫਿਰਵੀ ਇਕ ਮਸ਼ਵਰਾ ਹੈ:-

"ਨਾਮ ਰਖਿਆ ਹੈ ਤਮਾਸ਼ੇ ਦਾ, ਐਜੁਕੇਟਿਡ ਵਾ ਤਰੱਕੀ,
ਅਕਲ ਵਾਲਿਓ ਇਸ ਧੋਖੇ ਵਿਚ ਨਾ ਆਇਓ ਹਰਗਿਜ਼।
ਸਿਰਫ ਰੰਗੀਨ ਫੁਲ ਹੋਣ ਅਤੇ ਖੁਸ਼ਬੂ ਕੋਈ ਨਾ,
ਅਜਿਹੇ ਫੁੱਲ੍ਹਾਂ ਨਾਲ ਘਰ ਨਾ ਸਜਾਇਉ ਹਰਗਿਜ਼।
ਮੁਕਾਬਲਾ ਯੌਰਪ ਦਾ ਕਰਨਾ ਠੀਕ ਹੈ ਪਰ ਯਾਦ ਰਹੇ,
ਸ਼ਾਨ-ਏ-ਕੌਮ ਮਿੱਟੀ ਵਿਚ ਨਾ ਮਲਾਇਉ ਹਰਗਿਜ਼।
ਬੰਦਿਸ਼ਾਂ ਤੋੜੀਆਂ,ਪਰਦਾ-ਏ-ਰੁਖ ਉਠਾਇਆ ਚੰਗਾ ਕੀਤਾ,
ਪਰਦਾ-ਏ-ਸ਼ਰਮ ਦਿਲ ਤੋਂ ਨਾ ਉਠਾਇਉ ਹਰਗਿਜ਼।
ਨਾਲ ਯਾਰਾਂ ਹੁੰਦੀਆ ਬਹਾਰਾਂ ਮੰਨ ਲੈਂਦੇ ਹਾਂ,
ਇਸ ਖੂਬਸੂਰਤ ਧੋਖੇ 'ਚ ਫਸ ਨਾ ਜਾਇਓ ਹਰਗਿਜ਼।
ਮੁਟਿਆਰਾਂ ਹੋਣ ਜੋ ਸਿੰਘਣੀਆਂ ਸਿਰਦਾਰਨੀਆਂ,
ਭਿੱਡ੍ਹਾਂ ,ਖੋਤਿਆਂ ਵਿਚ ਰਲਦੀਆਂ ਨਹੀਂ ਹਰਗਿਜ਼।
ਰੁਤਬੇ ਮਿਲੇ ਹਨ ,ਕੌਰ ਅਤੇ ਖ਼ਾਲਸਾ ਦੇ ਭੈਣੋ ,
ਸੁਣਿਉ 'ਮਨਮੋਹਨ'ਦੀ ਅਜਾਈਂ ਨ ਗਵਾਇਉ ਹਰਗਿਜ਼।

# ਹਮਲੇ ਦੇ ਘਾਤਕ ਸਿੱਟੇ

## ਮੁਟਿਆਰਾਂ ਦੀ ਹੱਡ ਬੀਤੀ ਜੱਗ ਬੀਤੀ ਘੱਟਨਾਵਾਂ



ਪ੍ਰਮਾਣ ਵਜੋਂ ਕੁੱਝ ਮੁਟਿਆਰਾਂ ਦੀ ਹੱਡ ਬੀਤੀਆਂ ਘੱਟਨਾਵਾਂ ਇੱਥੇ ਦੇ ਰਹੇ ਹਾਂ ਜੋ ਅਸੀ ਮਨੋਵਿਗਿਆਨਕ ਹਮਲੇ ਨੂੰ ਸਮਝ ਸਕੀਏ। ਗਲ ਕਸ਼ਮੀਰ ਤੋਂ ਅਰੰਭ ਕਰਦੇ ਹਾਂ, ਕਸ਼ਮੀਰ ਦਾ ਇਕ ਸ਼ਖਸ਼ ਜੰਮੂ ਆਕੇ ਮਿਲਿਆਂ ਤੇ ਕਹਿਨ ਲਗਾ "ਤੁਹਾਨੂੰ ਪਤਾ ਹੈ ਫਲਾਨੇ...ਦੀ ਕੁੜੀ ਮੁਸਲਮਾਨ ਨਾਲ...ਫੁਰਰਰਰ ?" ਇਸ ਸਖਸ਼ ਵਲੋਂ ਹੋਰ ਕਈਂ ਲੋਕਾਂ ਨਾਲ ਜੰਮੂ ਵਿਚ ਇਹ ਚਰਚਾ ਕੀਤੀ ਗਈ।

ਦਸਮੇਸ਼ ਯੂਥ ਆਰਗਨਾਇਜੇਸ਼ਨ ਜੰਮੂ ਕਸ਼ਮੀਰ ਦੇ ਨੌਜਵਾਨਾਂ ਵਲੋਂ ਬਾਰਾਂਮੁਲਾ ਵਿਖੇ ਬਚਿਆਂ ਦੇ ਗੁਰਮਤਿ ਲੈਕਚਰ-ਕਵਿਤਾ-ਕੀਰਤਨ ਮੁਕਾਬਲਿਆਂ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਜਿਸ ਵਿਚ ਸ਼ਾਮਲ ਹੋਣ ਲਈ ਜਦ ਲੇਖਕ ਉੱਥੇ ਪੁੱਜਿਆ ਤਾਂ ਕੁਝ ਹੀ ਦੇਰ ਬਾਅਦ ਇਹ ਖਬਰ ਮਿਲੀ ਕਿ ਉਸੇ ਸ਼ਖਸ਼ ਦੀ ਬੇਟੀ ਵੀ....।ਸ਼ਬਦ ਗੁਰੂ ਦਾ ਹੁਕਮ ਹੈ:-

"ਪਾਰੋਸੀ ਕੇ ਜੋ ਹੂਆ ਤੂੰ ਆਪਣੇ ਭੀ ਜਾਣ"

ਧੀਆਂ ਭਾਵੇਂ ਦੂੱਜੇ ਫਿਰਕੇ ਦੀਆਂ ਹੋਣ,ਹੁੰਦੀਆਂ ਤਾਂ ਧੀਆਂ ਹਨ। ਦੂਜੀ ਕੌਮ

ਦੀਆਂ ਬੱਚੀਆਂ ਦੀ ਆਬਰੂ ਲੁੱਟਨੀ ਉਨ੍ਹਾਂ ਨੂੰ ਜ਼ਲੀਲ ਕਰਨਾ ਹਿੰਦੂਰਾਸਟਰ ਵਾਦੀ ਤਾਕਤਾਂ ਅਤੇ ਮੁੱਗਲਾਂ-ਪਠਾਨਾ ਦਾ ਦਾ ਧਰਮ ਤਾਂ ਹੋ ਸਕਦਾ ਹੈ। ਪਰ ਖ਼ਾਲਸਾ ਅਜਿਹਾ ਨਾ ਕਰਦਾ ਹੈ ਨਾ ਕਰਣ ਦਿੰਦਾ ਹੈ। ਅਸੀ ਤਾਂ ਕੁੱਝ ਭੱਟਕੀ ਹੋਈ ਬੱਚੀਆਂ ਦਾ ਜਿਕਰ ਕਰ ਕੇ ਬਾਕੀ ਲੱਖਾਂ ਬੱਚੀਆਂ ਨੂੰ ਹਨੇਰੀ ਖੱਡ ਵਿਚ ਡਿੱਗਣ ਤੋਂ ਬਚਾਉਣ ਦਾ ਯਤਨ ਕਰ ਰਹੇ ਹਾ।ਕਲ ਖ਼ਾਲਸਾ ਮਨੁੱਖਤਾ ਖਾਤਰ ਦੂਜੇ ਧਰਮ ਦੀ ਆਬਰੂ ਸ਼ਮਸ਼ੀਰ ਦੇ ਬੱਲ ਤੇ ਬਚਾਉਂਦਾ ਸੀ ।ਅੱਜ ਬਦਲਵੀ ਜੰਗ ਵਿਚ 'ਸ਼ਬਦਸ਼ਮਸ਼ੀਰ' ਨਾਲ ਇਹ ਫਰਜ਼ ਅਦਾ ਕਰ ਰਿਹਾ ਹੈ।

ਵਿਧਵਾਨ ਲਿਖਦਾ ਹੈ ਕਿ 'ਜੇ ਤੁਹਾਡੇ ਪੜੋਸੀ ਤੇ ਜ਼ੁਲਮ ਹੁੰਦਾ ਹੈ ਅਤੇ ਤੁਸੀ ਤਮਾਸ਼ਬੀਨ ਬਣੇ ਹੋ।ਫਿਰ ਅਗਲਾ ਨੰਬਰ ਤੁਹਾਡਾ ਹੈ।' ਸੱਚ ਹੈ ਹਾਲਾਤਾਂ ਨੂੰ ਮੁਖ ਰਖਦਿਆਂ ਇਹ ਹਾਦਸਾ ਕਿਸੇ ਨਾਲ ਵੀ ਹੋ ਸਕਦਾ ਹੈ। ਭੂਮਿਕਾ ਬਹੁਤੀ ਲੰਮੀ ਨਾ ਕਰਦਾ ਹੋਇਆ ਘੱਟਨਾਵਾਂ ਤੋਂ ਗਲ ਅਰੰਭ ਕਰਦਾ ਹਾਂ।

ਅਖਨੂਰ ਦੀ ਗਲ ਹੈ ਇਕ ਲੜਕੀ ਕਾਲਜ ਪੜ੍ਹਦੀ ਸੀ,ਇਕ ਲੜਕੀ ਦਾ ਹਿੰਦੂ ਲੜਕੇ ਨਾਲ ਉਠਣਾ ਬੈਠਣਾ ਸੀ,ਜਿਸ ਦੀ ਖਬਰਾਂ ਆਰਗਨਾਇਜੇਸ਼ਨ ਤਕ ਪੁੱਜੀਆਂ।ਆਖਰ ਲੜਕੀ ਦੇ ਚਾਚੇ ਦੇ ਮੁੰਡੇ ਨੂੰ ਸਾਰੀ ਗਲ ਦੱਸੀ ਗਈ ।ਫਿਰ ਉਸ ਨੇ ਸਭ ਰੰਗ ਤਮਾਸ਼ੇ ਅਖੀਂ ਵੇਖੇ ਤਾਂ ਆਪਣੀ ਤਾਈ ਨੂੰ ਜਾਕੇ ਕਿਹਾ। ਭੈਣ ਦੀ ਹਰਕਤਾਂ ਕਰਕੇ ਬਦਨਾਮੀ ਹੋ ਰਹੀ।ਬਸ ਫਿਰ ਕੀ ਸੀ ਤਾਈ ਜੀ ਸ਼ੁਰੂ ਹੋ ਗਏ,ਤੁਸੀ ਮੇਰੀ ਕੁੜੀ ਬਦਨਾਮ ਕਰਦੇ ਹੋ, ਵਿਚਾਰੇ ਭਰਾ ਨੂੰ ਝਿੜ੍ਹਕਾਂ ਖਾਕੇ ਮੁੜਨਾ ਪਿਆ।ਕੁਝ ਦਿਨਾ ਬਾਅਦ ਕਿਸੇ ਮਾੜੀ ਖਬਰ ਮਿਲਨ ਤੋਂ ਬਾਅਦ ਫਿਰ ਕੁੜੀ ਦੇ ਮਾਂ-ਪਿਆਂ ਨੇ ਛੇਤੀ ਹੀ ਕੁੜੀ ਨੂੰ ਵਿਆ ਦਿਤਾ।

ਗੁਰੂ ਨਾਨਕ ਨਗਰ ਦੀ ਇਕ ਮਾਂ ਨੂੰ ਕੁਝ ਵੀਰਾਂ ਨੇ ਦਸਿਆ ਕਿ ਜੋ ਰਾਜਪੂਤ ਲੜਕਾ ਤੁਹਾਡੇ ਘਰ ਆਉਂਦਾ ਹੈ,ਉਸ ਨੂੰ ਲੈਕੇ ਤੁਹਾਡੀ ਕੁੜੀ ਦੀ ਖਬਰਾਂ ਠੀਕ ਨਹੀਂ ਹਨ।ਫਿਰ ਓਹੀ ਜੁਆਬ ਤੁਹਾਨੂੰ ਲੋਕਾਂ ਨੂੰ ਹੋਰ ਕੋਈ ਕੰਮ ਨਹੀਂ ?ਖਾਮ ਖਾ ਮੇਰੀ ਬੱਚੀ ਨੂੰ ਬਦਨਾਮ ਕਰਣ ਤੇ ਤੁਲੇ ਹੋਏ ਹੋ ?

ਕੁੱਝ ਦਿਨਾਂ ਬਾਅਦ ਬੱਚੀ ਨੇ ਆਸਪਣੇ ਦੋਸਤ ਨਾਲ ਆਕੇ ਮੰਮੀ ਜੀ ਨੂੰ ਕਿਹਾ,ਆਸ਼ੀਰਵਾਦ ਦਿਓ ਅਸੀ ਸ਼ਾਦੀ ਕਰ ਲਈ ਹੈ,ਬੰਮ ਬੰਮ ਬੋਲੇ...।ਇਸੇ ਇਲਾਕੇ ਦੀਆਂ ਦੋ ਭੈਣਾਂ ਦੀਆਂ ਹਰਕਤਾਂ ਚੰਚਲ ਅਤੇ ਅਸ਼ਲੀਲ ਪਹਿਰਾਵਾ ਪਾਕੇ ਬਿਗਾਨੇ ਮੁੰਡਿਆਂ ਨਾਲ ਘੁਮਨਾ ਫਿਰਨਾ ਆਮ ਗਲ ਸੀ। ਇਕ ਗੁਰਸਿੱਖ ਬੀਬੀ ਨੇ ਆਖਰ ਮਜ਼ਬੂਰ ਹੋਕੇ ਇਨ੍ਹਾਂ ਧੀਆਂ ਦੀ ਮਾਂ ਨੂੰ ਇਕ ਦਿਨ ਆਖ ਹੀ ਦਿੱਤਾ"ਭੈਣ ਜੀ ਆਪਣੀਆਂ ਧੀਆਂ ਦਾ ਕੁੱਝ ਖਿਆਲ ਕਰੋ ਇਨਾ ਨੂੰ ਚੱਜ਼ ਦੇ ਕਪੜੇ ਪਾਉਣ ਲਈ ਕਿਹਾ ਕਰੋ, ਸਾਡੀਆਂ ਬੱਚੀਆਂ ਤੇ ਵੀ ਬੁਰਾ ਅਸਰ ਪੈਂਦਾ ਹੈ।ਫਿਰ ਮਹਾਨ ਧੀਆਂ ਦੀ ਮਹਾਨ ਮਾਂ ਨੇ ਜੋ ਗੁਰਸਿੱਖ ਬੀਬੀ ਨੂੰ ਜੁਆਬ ਦਿਤਾ।

" ਮੇਰੀਆਂ ਕੁੜੀਆਂ ਤੁਹਾਡੇ ਵਾਂਗ ਕੋਈ ਅਨਪੜ੍ਹ ਥੋੜਾ ਹਨ? ਤੁਸੀ ਗਵਾਰ ਕੀ

ਜਾਨੋ ਹਾਈ ਸੋਸਾਈਟੀ ਕੀ ਹੁੰਦੀ ਹੈ ? ਮੇਰੀਆਂ ਕੁੜੀਆਂ ਤੋਂ ਤੁਸੀ ਲੋਕ ਸੜਦੇ ਹੋ,ਨਾਲੇ ਤੁਸੀ ਹੁੰਦੇ ਕੌਣ ਹੋ...?ਕੁੱਝ ਦਿਨਾਂ ਬਾਅਦ ਅਖਵਾਰਾਂ ਦੀ ਖਬਰ ਸੀ, ਦੋ ਲੜਕੀਆਂ ਸਾਈਬਰ ਕੈਫੇ ਮੇਂ ਰੰਗ ਰਲੀਆਂ ਮਨਾਤੀ ਲੜਕੋਂ ਕੇ ਸਾਥ ਗ੍ਰਿਫਤਾਰ ..ਕੀ ਇਹੀ ਹੈ ਹਾਈ ਸੋਸਾਈਟੀ ?

ਇਕ ਡੀ.ਐਸ.ਪੀ.ਲੜ੍ਹਕੀ ਨੇ ਆਪਣੇ ਇਕ ਸਿਪਾਹੀ ਨਾਲ ਨਿਕਾਹ ਕਰਵਾ ਲਿਆ। ਬਾਅਦ ਵਿਚ ਪਤਾ ਲਗਾ ਕਿ ਪਤੀ ਮੀਆਂ ਆਲਰੇਡੀ ਦੋ ਬਚਿਆਂ ਦੇ ਬਾਪ ਹਨ ।

ਕੁੱਝ ਮਹੀਨੇ ਪਹਿਲਾਂ ਜੰਮੂ ਯੁਨੀਵਰਸਿਟੀ ਦੀ ਮੈਡੀਕਲ ਵਿਦਿਆਰਥਣ ਨੇ ਡੋਡੇ ਭਦਰਵਾ ਦੇ ਇਕ ਲੜਕੇ ਨਾਲ ਨਿਕਾਹ ਕਰਵਾ ਲਿਆ,ਬਾਅਦ ਵਿਚ ਮੀਆਂ ਜੀ ਨੇ ਇਸ ਲਾਡਾਂ ਨਾਲ ਪਾਲੀ ਧੀ ਨੂੰ ਨੋਚਿਆਂ ਤੇ ਅਪਨੇ ਚਾਚੇ ਨਾਲ ਤੋਰ ਦਿਤਾ ਕੁਝ ਆਖਦੇ ਹਨ,ਕੁੜੀ ਨੇ ਜਾਨ ਦੇ ਦਿਤੀ ਕੁਜ ਆਖਦੇ ਹਨ ਮਾਰ ...।

ਖਬਰ ਲਿਖਣ ਤਕ ਪੂਰੀ ਜਾਨਕਾਰੀ ਨਹੀਂ ਮਿਲ ਸਕੀ। ਕਿਓਂਕਿ ਮਾਂ-ਬਾਪ ਨੇ ਤਾਂ ਇਸ ਜਾਨ ਦੇ ਟੂਕੜੇ ਨੂੰ ਬੇ-ਦਖਲ ਕਰ ਦਿਤਾ ਸੀ।ਜੰਮੂ ਕਸ਼ਮੀਰ ਤੋਂ ਕਨਿਆਂ ਕੁਮਾਰੀ {ਭਾਰਤ}ਅਤੇ ਦੁਨੀਆਂ ਭਰ ਵਿਚ ਇਹ ਮਨੋਵਿਗਿਆਨਕ ਹਮਲਾ ਮਾਰੂ ਅਸਰ ਕਰ ਰਿਹਾ ਹੈ।ਕਈਂ ਕੁੜੀਆਂ ਠੋਕਰਾਂ ਖਾਕੇ ਮੁੜ ਆਈਆਂ ਹਨ ਅਤੇ ਕਹਿੰਦੀਆਂ ਹਨ। ਸਾਨੂੰ ਪਤਾ ਲਗ ਗਿਆ ਹੈ ਕਿ ਅਸੀ ਗਲਤੀ ਕੀਤੀ ਹੈ।

ਕਸ਼ਮੀਰ ਪਹਿਲਗਾਮ ਦੀ ਇਕ ਲੜਕੀ ਨੇ ਕਸਮੇਂ ਵਾਦੇ ਅਦੀਨ ਇਕ ਮੁੰਡੇ ਨਾਲ ਨਿਕਾਹ ਕਰਵਾ ਲਿਆ।ਤਿਨ ਬੱਚੇ ਪੈਦਾ ਹੋਏ,ਫਿਰ ਸਨਮ ਬੇ ਵਫਾ ਹੋ ਗਏ ਅਤੇ ਮੀਆਂ ਨੇ ਬੜੀ ਬੇ ਦਰਦੀ ਨਾਲ ਆਖ ਦਿਤਾ "ਤਲਾਕ-ਤਲਾਕ-ਤਲਾਕ।ਨਾ ਥਾਣਾ ਨਾ ਕਚਿਹਰੀ ਬਸ 'ਟੁੱਟ ਗਈ ਕੜਕ ਕਰਕੇ' ਹੁਣ ਇਹ ਲੜਕੀ ਕਸ਼ਮੀਰ ਦੀਆਂ ਸੜਕਾਂ ਤੇ ਕਮਲੀ ਹੋਈ ਫਿਰਦੀ ਹੈ। ਠਿਕਾਨਾ ਕੋਈ ਨਹੀਂ, ਮਾਂ-ਬਾਪ ਤਾਂ ਪਹਿਲਾਂ ਹੀ ਛੱਡ ਦਿਤੇ ਸਨ ।

ਇਕ ਹੋਰ ਬਟਮਾਲੂ ਇਲਾਕੇ ਦੀ ਸਰਕਾਰੀ ਨੌਕਰੀ ਕਰਦੀ ਮੈਡਮ ਨੇ ਕੀਤਾ ਸੀ ਪਿਆਰ ਤੇ ਕਰਲਿਆ ਸੀ ਵਿਆਹ,ਪਤੀ ਜੀ ਨੇ ਪਤਨੀ ਜੀ ਦੀ ਤਨਖਾ ਤੇ ੨੦ ਲਖ ਦਾ ਬੈਂਕ ਲੌਨ ਲੈ ਲਿਆ, ਕੀਤੀਆਂ ਮੋਜ ਮਸਤੀਆਂ ਅਤੇ ਫਿਰ ਤਲਾਕ-ਤਲਾਕ-ਤਲਾਕ 'ਟੁਟ ਗਈ ਕੜ੍ਹਕ ਕਰਕੇ'।ਸਾਰੀ ਇਨਕੋਆਰੀ ਤੋਂ ਬਾਅਦ ਪਤਾ ਚਲਿਆ ਕਿ ਇਨ੍ਹਾਂ ਕੁੜੀਆਂ ਦੀਆਂ ਮਾਂਵਾਂ ਨੇ ਸਭ ਕੁਝ ਵੇਖਦੇ ਜਾਨਦੇ ਹੋਏ ਅਖਾਂ ਮੂੰਦ ਲਈਆਂ ਸਨ। ਉਹ ਖੁਦ ਅਪਨੀ ਧੀਆਂ ਦੀ ਬਰਬਾਦੀ ਲਈ ਜ਼ਿੰਮੇਵਾਰ ਪਾਈਆਂ ਗਈਆਂ ਹਨ ।ਭਾਵੇਂ ਕਿ ਕਿਸੇ ਵਿਰਲੇ ਕੇਸ ਵਿਚ ਮਾਂ ਦੋਸ਼ੀਂ ਨਹੀਂ ਪਾਈ ਗਈ।

ਚਲੋ ਜੰਮੂ ਚਲੀਏ ਭੌਰ ਕੈਂਪ ਦੇ ਇਕ ਸਾਧ ਕੋਲ ਸਿੰਬਲ ਦੀ ਇਕ ਕੁੜੀ ਮੱਥਾ ਟੇਕਣ ਜਾਂਦੀ ਸੀ। ਉਸ ਨੂੰ ਕਈਂ ਵਾਰ ਸਾਧ ਦੇ ਕਮਰੇ ਵਿਚ ਵੇਖਿਆ ਗਿਆ ਅਤੇ ਉਸ ਦੀ ਮਾਂ ਨੂੰ ਸੁਨੇਹਾ ਭੇਜਿਆ ਗਿਆ ਪਰ ਫਿਰ ਹੋਈ ਗਲ ।ਸਾਡੀ ਧੀ ਬਾਰੇ ਇਹ ਬਕਵਾਸ ਖਬਰਦਾਰ...ਕੁਝ ਦਿਨਾਂ ਬਾਅਦ ਦੀ ਖਬਰ ਸੀ, ਸਾਧ ਨੇ ਆਪਣੀ ਪਹਿਲੀ ਪਤਨੀ ਤੇ

ਬੇਟੀ ਨੂੰ ਘਰੋਂ ਕੱਢ ਦਿੱਤਾ ਹੈ ਅਤੇ ਹੁਣ ਨਵੀਂ ਚੇਲੀ ਨਾਲ ਵਿਆਹ ਕਰਣ ਤੋਂ ਬਾਅਦ ਨਵੀਂ ਪਤਨੀ ਨਾਲ ਵੈਸ਼ਨੋ ਦੇਵੀ ਦੀ ਯਾਤਰਾ ਤੇ ਗਏ ਹਨ।ਅਜ ਕਲ ਸਾਧ ਨੂੰ ਕਦੀ ਕਦੀ ਨਵੀਂ ਸਾਸੂ ਮਾਈ ਵੀ ਮੱਥਾ ਟੇਕਣ ਜਾਂਦੀ ਹੈ-ਜੈ ਸੀਤਾ ਰਾਮ।

ਜੰਮੂ ਦੇ ਇਕ ਧਾਰਮਿਕ ਅਦਾਰੇ ਦੇ ਕਾਲਜ ਦੀ ਲੜਕੀ ,ਕਾਲਜ ਦੇ ਟੀਚਰ ਨਾਲ ਫੂਰਰ,ਜੈ ਸੀਤਾ ਰਾਮ।ਜੰਮੂ ਦੇ ਇਕ ਹੋਰ ਪਖੰਡੀ ਸਾਧ ਨੇ ਆਪਣੀ ਕਈਂ ਚੇਲੀਆਂ ਨੂੰ ਆਪਣੇ ਦੂਜੇ ਕਿਸਮ ਦੇ ਚੇਲਿਆਂ ਨਾਲ ਭਜਾਉਣ ਵਿਚ ਸਹਾਇਤਾ ਕੀਤੀ ਸੀ। ਕੁਝ ਦਿਨਾਂ ਬਾਅਦ ਉਸ ਦੇ ਅਪਨੇ ਘਰ ਜੰਮੀ ਧੀ ਵੀ ਦੂਜੇ ...ਦੇ ਮੁੰਡੇ ਨਾਲ ਫੂਰ੍ਰ।

"ਪਾਰੋਸੀ ਕੇ ਜੋ ਹੂਆ ਤੂੰ ਆਪਨੇ ਭੀ ਜਾਣ "

ਅਕਤੂਬਰ-੨੦੧੦ ਅਖਬਾਰ ਅਮਰ ਉਜਾਲਾ ਦੀ ਖਬਰ ਸੀ,ਗੁਰਮੀਤ ਕੀ ਬੀਅਰ ਮੇਂ ਡਾਲੀ ਗਈ ਥੀ ਨਸ਼ੇ ਕੀ ਗੋਲੀਆਂ,ਅਸ਼ੋਕ ਕੁਮਾਰ ਚਾਰ ਦਿਨੋਂ ਬਾਅਦ ਗ੍ਰਿਫਤਾਰ। ਹੋਇਆ ਇਹ ਸੀ ਕਿ ਪੰਜਾਬ ਦੀ ਗੁਰਮੀਤ ਦਾ ਚਾਰ ਸਾਲ ਤੋਂ ਕਿਸੇ ਅਸ਼ੋਕ ਕੁਮਾਰ ਨਾਂ ਦੇ ਮੁੰਡੇ ਨਾਲ ਅਫੇਅਰ ਚਲ ਰਿਹਾ ਸੀ। ਗੁਰਮੀਤ ਨੇ ਅਪਨੇ ਘਰੋਂ ਹਜਾਰਾਂ ਰੁ: ਚੁਰਾਏ ਅਤੇ ਅਸ਼ੋਕ ਨਾਲ ਇਸ਼ਕ ਲੜਾਉਣ ਲਈ ਜੰਮੂ ਵੈਸ਼ਨੋ ਦੇਵੀ ਕਟਰਾ ਆ ਗਈ।

ਜਿੱਥੇ ਗੁਰਮੀਤ ਤੇ ਅਸ਼ੋਕ ਦੋਵਾਂ ਨੇ ਆਟੋ ਵਿਚ ਬੈਠ ਕੇ ਸ਼ਰਾਬ ਪੀਤੀ।ਸ਼ਰਾਬ ਵਿਚ ਨਸ਼ੇ ਦੀਆਂ ਗੋਲੀਆਂ ਪਾਈਆਂ ਹੋਈਆਂ ਸਨ। ਇਸ ਤੋਂ ਬਾਅਦ ਗੁਰਮੀਤ ਜੰਮੂ ਬਕਸ਼ੀ ਨਗਰ ਮੇਡੀਕਲ ਕਾਲਜ-ਹਸਪਤਾਲ ਦੇ ਬਹਾਰ ਮ੍ਰਿਤਕ ਪਾਈ ਗਈ।

ਕੁਝ ਦਿਨਾਂ ਬਾਅਦ ਮੁੜ ਦੈਨਿਕ ਜਾਗਰਨ ਦੀ ਖਬਰ ਸੀ "ਰੋਪੜ {ਪੰਜਾਬ} ਦੀ ਇਕ ਕੁੜੀ ਨੂੰ ਕਸ਼ਮੀਰ ਦੇ...ਸ਼ੇਖ ਨੇ ਧੋਖਾ ਦਿਤਾ। ਦੋਵੇਂ ਇਕੱਠੇ ਪੜ੍ਹਦੇ ਸਨ। ਭੁੱਲ ਕੇ ਦਿਲ ਲਾ ਲਿਆ,ਨਿਕਾਹ ਕਰਵਾ ਲਿਆ,ਫਿਰ ਕਾਲਜ ਵਿਚ ਛੁੱਟੀਆਂ ਪੈ ਗਈਆਂ। ਯਾਰ ਪਰਤ ਕੇ ਨਾ ਆਇਆ ਪਤਾ ਲਾਇਆ ਤਾ ਮੀਆਂ ਜੀ ਪਹਿਲੋਂ ਹੀ ਵਿਆਹੇ ਹੋਏ ਨਿਕਲੇ ।ਆਪਣੇ ਪਿਆਰ ਨੂੰ ਹਾਸਲ ਕਰਣ ਲਈ ਮੀਆਂ ਜੀ ਖਿਲਾਫ ਧੋਖਾ-ਧੜੀ ਦਾ ਕੇਸ ਲੜਣ ਲਈ ਪੰਜਾਬਣ ਬੇਗਮ ਜੀ ਕਸ਼ਮੀਰ ਪੁੱਜੇ ਹੋਏ ਹਨ।ਪਰ ਭੋਲੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੀਆਂ ਜੀ ਤੋਂ ਤੁਹਾਨੂੰ ਜੱਜ ਸਾਹਿਬ ਪੂਰਨ ਕਨੂੰਨੀ ਹਕ ਦਿਲਵਾਉਣ ਜਾਂ ਨਹੀਂ,ਪਰ ਮੀਆਂ ਜੀ ਨੂੰ ਤਿਨ ਹੋਰ ਬੇਗਮਾਂ ਰਖਣ ਦਾ ਅਦਿਕਾਰ ਜਰੂਰ ਦੇ ਸਕਦੇ ਹਨ।ਇਹੀ ਹੈ ਇਸਲਾਮੀਂ ਸ਼ਰਾ ਦਾ ਫੈਸਲਾ। ਬੀਬੀ ਜੀ ਨੂੰ ਹੁਣ ਮਣ ਲੈਣਾ ਚਾਹੀਦਾ ਹੈ ਜਾਂ ਨਵੇਂ ਸਿਰਿਓਂ ਜਿੰਦਗੀ ਅਰੰਭ ਕਰਨੀ ਚਾਹੀਦੀ ਹੈ।

ਅਲੂਚੀਬਾਗ,ਬਾਰਾਮੁਲਾ,ਸਿਰੀਨਗਰ,ਸਿੰਬਲ ਕੈਂਪ,ਗੋਲ ਗੁੱਜਰਾਲ ਕੈਂਪ,ਭੌਰ ਕੈਂਪ,ਨਾਨਕ ਨਗਰ,ਕੱਠੂਆ,ਉਧਮਪੁਰ,ਪੁੱਣਛ,ਸਾਂਭਾ,ਕੋਟਲੀ,ਆਰ.ਐਸ.ਪੁਰਾ,ਅਖਨੂਰ,ਜੇ ਐਂਡ ਕੇ ਤੋਂ ਅਲਾਵਾ ਦਿਲੀ,ਪੰਜਾਬ,ਮੁੰਬਈ,ਹਰ ਸਟੇਟ ਤੇ ਇਲਾਕੇ ਦੀਆਂ ਅਜਿਹੀਆਂ ਹੀ ਰਿਪੋਟਾਂ ਹਨ।ਕੁਝ ਦਿਨ ਪਹਿਲਾਂ ਦਸਮੇਸ਼ ਯੂਥ ਆਰਗਨਾਇਜੇਸ਼ਨ{ਜੇ.ਐਂਡ.ਕੇ}ਦੇ ਇਕ ਸਾਥੀ ਨੇ ਦੁਬਈ ਤੋਂ ਆਕੇ ਦਸਿਆ ਕਿ ਕਈ ਦੇਸ਼ਾਂ ਵਿਚੋਂ ਅਜਿਹੀਆਂ ਖਬਰਾਂ

ਮਿਲ ਰਹੀਆਂ ਹਨ ਕਿ ਜੋ ਕੁੜੀਆਂ ਵਿਦੇਸ਼ਾ ਵਲ ਜਾਂਦੀਆਂ ਹਨ,ਅਗੇ ਠਾਹਰ ਦੇਣ ਵਾਲਾ ਆਪਣਾ ਕੋਈ ਨਹੀਂ ਹੁੰਦਾ,ਬਹੁਤੀਆਂ ਕਰਜੇ ਲੈਕੇ ਵਿਦੇਸ਼ਾਂ ਵਿਚ ਪੁਜਦੀਆਂ ਹਨ ਅਤੇ ਕੋਈ ਕੰਮਕਾਜ ਨਹੀਂ ਮਿਲਦਾ,ਫਿਰ ਇਹ ਹੋ ਜਾਂਦੀਆਂ ਹਨ ਸ਼ਿਕਾਰ ਉਨ੍ਹਾਂ ਗਰੂਪਾਂ ਦਾ, ਜੋ ਇਨ੍ਹਾਂ ਦੀ ਮਜ਼ਬੂਰੀ ਦਾ ਫਾਈਦਾ ਚੁੱਕਣ ਲਈ ਮੋਕੇ ਦੀ ਭਾਲ ਵਿਚ ਹੁੰਦੇ ਹਨ।ਜੋ ਮੋਕਾ ਭਾਲਦਿਆਂ ਹੀ ਇਨਾਂ ਨੂੰ ਧਕੇਲ ਦੇਂਦੇ ਹਨ, ਲਾਲ-ਨੀਲੀ-ਕਾਲੀ ਦੁਨੀਆਂ ਵਲ।ਬਰਤਾਨੀਆ ਵਿਚ ਮੁਸਲਮਾਨ ਮੁੰਡੇ ਕੁੜੀਆਂ ਨੂੰ ਪ੍ਰੇਮਜਾਲ ਵਿਚ ਉਲਝਾ ਕੇ ਮੁਸਲਿਮ ਦੇਸ਼ਾਂ ਵਿਚ ਵੇਚ ਰਹੇ ਹਰ ।ਪਰ ਭਾਰਤੀ ਹਿੰਦੂ ਕੱਟਰਵਾਦੀਆਂ ਦੇ ਮਨਸੂਬੇ ਵੀ ਕੋਈ ਮੁਸਲਿਮ ਮੁੰਡਿਆਂ ਤੋਂ ਵਖਰੇ ਨਹੀਂ ਹਨ।ਦੋਸਤੋ ਇਹ ਸਾਡੇ ਲਈ ਮਨੋਵਿਗਿਆਨਕ {ਵਾਰ}ਜੰਗ ਹੈ ਸਿੱਖ ਨੇ ਇਸ ਹਮਲੇ ਤੋਂ ਆਪਣੀਆਂ ਤੇ ਬਿਗਾਨੀਆਂ ਸਾਰੀਆਂ ਹੀ ਕੌਮਾਂ ਦੀਆਂ ਧੀਆਂ ਨੂੰ ਬਚਾਉਣ ਲਈ ਯਤਨ ਕਰਨੇ ਹਨ ।

ਪਾਕਿਸਤਾਨ ਦੇ ਚੱਕਲੇ ਘਰ {ਕੋਠੇ}ਤੋਂ ਭੱਜਣ ਵਿਚ ਕਾਮਯਾਬ ਹੋਈ ਇਕ ਮੁਟਿਆਰ ਨੇ ਜੋ ਹੱਡ ਬੀਤੀ ਦਸੀ ਉਹ ਰੌਂਗਟੇ ਖੜੇ ਕਰ ਦੇਂਦੀ ਹੈ ਅਤੇ ਸਾਨੂੰ ਇਸ ਮਨੋਵਿਗਿਆਨਕ ਹਮਲੇ ਨੂੰ ਕੁਚਲ ਦੇਣ ਲਈ ਵੰਗਾਰ ਪਾਉਂਦੀ ਹੈ।

ਸਪੋਕਸਮੈਨ {ਸੰਨ ੨੦੦੭}ਵਿਚ ਇਹ ਖਬਰ ਛਪੀ ਅਤੇ ਨੈਟ ਵਿਚਲੀਆਂ ਕਈ ਸਾਈਟਾਂ ਤੇ ਦੇਖੀ ਗਈ। ਖਬਰ ਲੰਮੀਂ ਚੋੜੀ ਹੋਨ ਕਰਕੇ ਸਿਰਫ ਪ੍ਰਮਾਨ ਵਜੋਂ ਦੇ ਰਹੇ ਹਾਂ। ਜੋ ਇਸ ਪ੍ਰਕਾਰ ਹੈ:-

" ਮੈਂ ੧੯ ਸਾਲ ਦੀ ਸੀ ਜਿਸ ਵੇਲੇ ਗਲਤ ਸੰਗਤ {ਸੋਸਾਈਟੀ}ਕਰਕੇ ਸਾਥੀਆਂ-ਫ੍ਰੈਂਡਾਂ ਨਾਲ ਸ਼ਰਾਬ ਖਾਣਿਆਂ-ਪੱਬਾਂ {ਬਾਰਾਂ} ਵਿਚ ਜਾਣ ਲਗ ਪਈ। ਮੈਂ ਅੰਮ੍ਰਿਤ ਵੀ ਛਕਿਆ ਸੀ, ਗੁਰਦੁਆਰੇ ਵੀ ਜਾਂਦੀ ਸੀ, ਪਰ ਕਿਸੇ ਨੇ ਮੈਨੂੰ ਅੰਮ੍ਰਿਤਧਾਰੀ ਹੋਣ ਅਤੇ ਗੁਰਮਤਿ ਬਾਰੇ ਸਹੀ ਜਾਨਕਾਰੀ ਨਹੀਂ ਦਿੱਤੀ।ਜਿਸ ਕਰਕੇ ਮੈਂ ਅਨਜਾਣੇ ਵਿਚ ਇਕ ਮੁਸਲਮਾਨ ਮੁੰਡੇ 'ਯਾਸਮੀਨ'ਦੇ ਪ੍ਰੇਮਜਾਲ ਵਿਚ ਫਸ ਗਈ ਅਤੇ ਪੁਜ ਗਈ ਜਿਸਮ ਦੀ ਮੰਡੀ ਚਕਲਾ ਘਰ ਪਾਕਿਸਤਾਨ।

ਇਸ ਮੁਟਿਆਰ ਨੇ ਦਸਿਆ ਕਿ ਮੈਨੂੰ ਯਾਸਮੀਨ ਆਪਨੇ ਪਰਿਵਾਰ ਨਾਲ ਮਿਲਾਉਣ ਲਈ ਯੂ.ਕੇ ਤੋਂ ਪਾਕਿਸਤਾਨ ਲੈ ਗਿਆ ਅਤੇ ਧੋਖੇ ਨਾਲ ਇਕ ਥਾਂ ਇਕਲਿਆਂ ਛਡ ਕੇ ਗੁੰਮ ਹੋ ਗਿਆ। ਮੈਂ ਸਮਜ ਗਈ ਕੁਝ ਗੜਬੜ ਹੈ।ਮੈਂ ਰੋਲਾ ਪਾਇਆ ਤਾਂ ਕੁਝ ਬੀਬੀਆਂ ਨੇ ਮੈਨੂੰ ਆਕੇ ਦਸਿਆ ਕਿ ਹੁਣ ਤੂੰ ਫਸ ਚੁਕੀ ਹੈਂ।ਉੱਥੇ ਕਈਂ ਹੋਰ ਲੜਕੀਆਂ ਵੀ ਸਨ। ਜੋ ਮੇਰੇ ਵਾਂਗ ਗਲਤੀ ਕਰਕੇ ਉੱਥੇ ਪੁਜੀਆਂ ਸਨ।ਸਾਨੂੰ ਸੁਕੇ ਬ੍ਰੈਡ ਤੇ ਪਾਣੀ ਦਿਨ ਵਿਚ ਤਿੰਨ ਵਾਰ ਦਿਤੇ ਜਾਂਦੇ ਸਨ, ਸਾਨੂੰ ਇਕ-ਇਕ ਕਮਰਾ ਮਿਲਿਆ ਹੋਇਆ ਸੀ।

ਇਥੇ ਮੈਂ ੨੫ ਮਹੀਨੇ ਬਿਤਾਏ ਅਤੇ ਇਥੇ ੩੯ ਤੋਂ ਵਧ ਕੁੜੀਆਂ ਕੈਦ ਹਨ। ਜਿਨ੍ਹਾਂ ਨਾਲ ਰੋਜ਼ ਖੇਹ ਖਾਈ ਜਾਂਦੀ ਹੈ,ਫਿਰ ਸਾਡੇ ਮੂੰਹ ਤੇ ਥੁਕ ਕੇ ਚਲੇ ਜਾਂਦੇ ਸਨ।ਮੁਟਿਆਰ ਨੇ ਹੱਢ ਬੀਤੀ ਦਸਦਿਆਂ ਅਗੇ ਕਿਹਾ ਕਿ "ਉਹ ਕਿਸੇ ਤਰਾਂ ਉਥੋਂ ਦੋੜਨ ਤੇ ਬਰਤਾਨੀਆ

ਦੇ ਸਫਾਰਤ ਖਾਣੇ ਤਕ ਪੁਜਣ ਵਿਚ ਸਫਲ ਹੋ ਗਈ, ਜਿਥੋਂ ਸਫਾਰਤ ਖਾਣੇ ਵਾਲਿਆਂ ਦੀ ਮਦਦ ਨਾਲ ਮੈਂ ਯੂ.ਕੇ ਪੁੱਜਣ ਵਿਚ ਸਫਲ ਹੋ ਗਈ।ਇਸ ਮੁਟਿਆਰ ਦਾ ਕਹਿਣਾ ਹੈ ਕਿ ਗੈਰ ਸਿੱਖ ਗਿਰੋਹ ਵੱਡੀ ਗਿਣਤੀ ਵਿਚ ਮੁਟਿਆਰਾਂ ਨੂੰ ਆਪਣੇ ਪ੍ਰੇਮ ਜਾਲ ਵਿਚ ਫਸਾ ਕੇ ਵੇਚਨ ਵਿਚ ਸਫਲ ਹੋ ਚੁਕੇ ਹਨ। ਬਰਤਾਨੀਆ ਤੇ ਹੋਰ ਦੇਸ਼ਾਂ ਦੀਆਂ ੩੦੦ ਤੋਂ ਵਧ ਕੁੜੀਆਂ ਇਨ੍ਹਾਂ ਸ਼ਿਕਾਰੀਆਂ ਦਾ ਸ਼ਿਕਾਰ ਹੋ ਚੁਕੀਆਂ ਹਨ"।

ਕੀ ਇਹ ਮਨੋਵਿਗਿਆਨਕ ਹਮਲੇ ਦੇ ਪੁਖਤਾ ਪ੍ਰਮਾਣ ਨਹੀਂ ਹਨ ? ਸਾਡੇ ਜੇਲ ਸਫ਼ਰ ਦੋਰਾਨ ਦੀ ਗਲ ਹੈ ।ਜੇਲ ਵਿਚ ਇਕ ਭਈਆ 'ਸ਼ੰਕਰ' ਸਾਡੇ ਕਪੜੇ ਤੇ ਬਰਤਨ ਕਦੀ ਕਧਾਂਈਂ ਧੋ ਦਿਆ ਕਰਦਾ ਸੀ।ਇਕ ਦਿਨ ਕਹਿਣ ਲਗਾ ਬਾਬਾ ਜੀ ਆਪ ਸੇ ਰੋਜ਼ ਕੱਥਾ ਸੁਣ ਕਰ। ਏਕ ਸੁਆਲ ਮਨ ਮੇਂ ਉਠਤਾ ਹੈ। ਆਪ ਸੇ ਪੂਛਤੇ ਹੂਏ ਡਰ ਬੀ ਲਗਤਾ ਹੈ। ਕਹੀਂ ਆਪ ਬੁਰਾ ਹੀ ਨਾ ਮਾਨ ਜਾਏਂ। ਸਾਡੇ ਕਹਿਨ ਤੇ ਕੇ 'ਡਰਨ ਦੀ ਕੋਈ ਲੋੜ ਨਹੀਂ ਜੋ ਕਹਿਣਾ ਹੈ ਨਿਡਰ ਹੋ ਕਹੋ' ਉਸ ਨੇ ਦਸਿਆ :- "ਬਾਬਾ ਜੀ ਇਤਨੇ ਅੱਛੇ ਧਰਮ ਕੋ ਛੋੜ ਕਰ ਪੰਜਾਬ ਕੀ ਲੜਕੀਆ ਹਮਾਰੇ ਗਾਉਂ ਕੇ ਬੀੜੀ-ਤਮਾਕੂੰ ਪੀਨੇ ਵਾਲੇ ਰੋਟੀ-ਰੋਟੀ ਕੇ ਲੀਏ ਤਰਸਤੇ-ਦਿਹਾੜੀ ਲਗਾਨੇ ਵਾਲੇ ,ਲੜਕੋਂ ਕੇ ਸਾਥ ਕਿਉਂ ਬਾਗ ਜਾਤੀਂ ਹੈਂ ?

ਕਿਆ ਉਨ ਕੋ ਆਪਣੇ ਧਰਮ ਕੀ ਇਤਨੀ ਮਹਾਨ ਬਾਤੇਂ,ਖਾੜਕੂਉਂ-ਸ਼ਹੀਦੋਂ ਕੇ ਬਾਰੇ ਮੇਂ ਪਤਾ ਨਹੀਂ। ਹਮਾਰਾ ਤੋ ਪੱਕਾ ਮਨ ਬਣ ਗਿਆ ਹੈ ਕਿ ਹਮ ਸਿੱਖ ਬਣ ਕੇ ਹੀ ਗਾਂਉਂ ਜਾਏਂਗੇ..."ਸ਼ੰਕਰ ਨੇ ਦਸਿਆ ਕਿ ਬਿਹਾਰ,ਗੋਰਖਪੁਰ,ਯੂ.ਪੀ,ਗੁਜਰਾਤ,ਆਦਿ ਇਲਾਕਿਆਂ ਵਿਚ ਬਹੁਤ ਸਾਰੀਆਂ ਕੁੜੀਆਂ ਪੰਜਾਬ ਵਿਚ ਖੇਤਾਂ ਤੇ ਘਰਾਂ ਵਿਚ ਕੰਮ ਕਰਣ ਵਾਲੇ ਅਪਨੇ ਨੌਕਰਾਂ {ਭਈਆਂ}ਨਾਲ ਭੱਜ ਕੇ ਗਈਆਂ ਹੋਈਆਂ ਹਨ।ਜਿਨ੍ਹਾਂ ਵਿਚੋਂ ਬੁਹਤੀਆਂ ਪ੍ਰੇਸ਼ਾਨ ਹਨ,ਪਰ ਉਹ ਵਾਪਸ ਵੀ ਨਹੀਂ ਆ ਸਕਦੀਆਂ ਕਿਉਂਕਿ ਉਨ੍ਹਾਂ ਲਈ ਪੇਕਿਆਂ ਦੇ ਦਰਵਾਜੇ ਹਮੇਸ਼ਾਂ ਲਈ ਬੰਦ ਹੋ ਚੁਕੇ ਹਨ।

ਸ਼ਾਇਦ ਇਸੇ ਲਈ ਨੌਜਵਾਨਾਂ ਨੂੰ ਪੱਤਤ ਪੂਣੇ,ਨਸ਼ੇ,ਬੇ-ਰੁਜ਼ਗਾਰੀ ਅਤੇ ਅਵਾਰਾਪਣ ਅਤੇ ਬਿਨਾ ਮੱਕਸਦ ਦੇ ਝੱਗੜਿਆਂ ਵਿਚ ਧਕੇਲਿਆ ਜਾ ਰਿਹਾ ਹੈ ਤਾਂ ਕਿ ਕੁੜੀਆਂ ਗਲਤ ਹਮਸਫ਼ਰ ਚੁਨਣ ਲਈ ਮਜ਼ਬੂਰ ਹੋ ਜਾਨ।

ਇਸੇ ਤਰ੍ਹਾਂ ਇਕ ਬੀਬੀ ਨੇ ਸਾਡੇ ਇਹ ਲੇਖ ਮੈਗਜ਼ੀਨ ਵਿਚ ਪੜ੍ਹ ਕੇ ਆਪਣੀ ਹੱਡ ਬੀਤੀ ਲਿਖ ਕੇ ਭੇਜੀ ਹੈ।ਉਸ ਨੇ ਦਸਿਆ ਕਿ ਮਨੋਜ {ਕੱਾਲਪਨਿਕ ਨਾਂ} ਨਾਲ ਪਿਆਰ ਕਰਦੇ ਹੋਏ ਵਿਅਹ ਕਰਲਿਆ ।ਇਕ ਦਿਨ ਉਸ ਨੇ ਅਚਾਨਕ ਮਨੋਜ ਦੇ ਮਾਂ ਬਾਪ ਨੂੰ ਗੱਲਾਂ ਕਰਦੇ ਸੁਣਿਆ ਕਿ 'ਇਸ ਕੁੜੀ ਤੂੰ ਸਾਨੂੰ ਕੋਈ ਫਾਈਦਾ ਨਹੀਂ ਹੈ' ।ਇਸ ਨੂੰ ਮੁੰਬਈ ਜਾਂ ਦਿਲੀ ਵਿਚ ਕਿਸੇ ਕੋਲ ਵੇਚ ਦੇਂਦੇ ਹਾਂ। ਇਸ ਪਿੱਛੇ ਆਉਣ ਵਾਲਾ ਵੀ ਕੋਈ ਨਹੀਂ ਹੈ।ਸਵੇਰੇ ਕਿਸੇ ਬਹਾਣੇ ਉਸ ਨੂੰ ਦਿਲੀ ਲੈਕੇ ਜਾਣਾ ਸੀ,ਪਰ ਉਹ ਰਾਤ ਨੂੰ ਹੀ ਮੋਕਾ ਭਾਲ ਕੇ ਫਰਾਰ ਹੋ ਗਈ ।ਜਿੱਥੋਂ ਉਹ ਦਰਬਾਰ ਸਾਹਿਬ ਚਲੀ ਗਈ। ਜਿੱਥੇ ਉਸਦੀ

ਮੁਲਾਕਾਤ ਗੁਰਦਾਸਪੁਰ ਦੇ ਕਿਸੇ ਸਿੱਖ ਨੌਜਵਾਨ ਨਾਲ ਹੋਈ।ਜਿਸ ਨੂੰ ਉਸ ਨੇ ਸਾਰੀ ਕਹਾਣੀ ਸੁਣਾਈ, ਜੋ ਇਸ ਕੁੜੀ ਦਾ ਸਹਾਰਾ {ਪਤੀ}ਬਣਿਆ ਜਿਸ ਦੇ ਕਹਿਨ ਤੇ ਇਸ ਮੁਟਿਆਰ ਨੇ ਇਹ ਚਿੱਠੀ ਬਾਕੀ ਮੁਟਿਆਰਾਂ ਨੂੰ ਇਹ ਗਲਤੀ ਨਾਂ ਕਰਣ ਦੀ ਅਪੀਲ ਕਰਦੇ ਹੋਏ ਲਿਖੀ ਹੈ।ਚਿੱਠੀ ਵਿਚ ਮੁਟਿਆਰ ਨੇ ਅਪਨਾ ਨਾਂ ਅਤੇ ਐਡਰਸ ਤਾਂ ਨਹੀਂ ਲਿਖਿਆ। ਪਰ ਅਸੀ ਇਸ ਕੁੜੀ ਅਤੇ ਇਸ ਕੁੜੀ ਦੇ ਸਿਰਦਾਰ ਜੀ ਨੂੰ ਸ਼ਾਬਾਸ਼ ਜਰੂਰ ਕਹਾਂਗੇ ਜੋ ਮਨੁਖਤਾ ਲਈ ਦਿਲ ਵਿਚ ਦਰਦ ਰਖਦੇ ਹਨ।

ਭਾਵੇਂ ਇਹ ਸਮੱਸਿਆ ਬਹੁ ਗਿਣਤੀ ਕੌਮਾਂ ਦੀ ਵੀ ਹੈ। ਪਰ ਉਹ ਇਸ ਦੇ ਹਲ ਲਈ ਕਈ ਸਾਈਕਲੋਜਿਕ {ਮਨੋਵਿਗਿਆਨਕ}ਢੰਗ ਵਰਤ ਰਹੇ ਹਨ। ਯਹੂਦੀਆਂ ਲਈ ਵੀ ਇਹ ਮੁਸ਼ਕਲ ਖੜੀ ਹੋਈ ਸੀ।ਪਰ ਉਨ੍ਹਾਂ ਨੇ ਆਪਣੇ ਮਹਾਨ ਸ਼ਹੀਦਾਂ ਦੇ ਕਈਂ ਅਜਾਈਬ ਘਰ ਬਨਾਏ,ਫਿਲਮਾਂ ਤਿਆਰ ਕਰਵਾਈਆਂ,ਆਪਣੇ ਨਾਇਕਾਂ ਦੀ ਕੁਰਬਾਨੀਆਂ ਤੋਂ ਅਪਨੇ ਲੋਕਾਂ ਨੂੰ ਬੜੇ ਸੋਹਣੇ ਤਰੀਕੇ ਨਾਲ ਵਾਕਫ ਕਰਵਾਇਆ ਅਤੇ ਵਿਦਿਅਕ ਤੇ ਆਰਥਿਕ ਖੇਤਰ ਵਿਚ ਜਿੱਥੇ ਉਨ੍ਹਾਂ ਨੇ ਦੁਨੀਆਂ ਵਿਚ ਕਾਮਯਾਬੀ ਹਾਸਲ ਕੀਤੀ ਉੱਥੇ ਇਸ ਹਮਲੇ ਨੂੰ ਪਛਾੜ ਦਿਤਾ ਅਤੇ ਆਪਣਾ ਦੇਸ਼ 'ਇੱਜ਼ਰਾਈਲ' ਵੀ ਸਥਾਪਿਤ ਕਰ ਲਿਆ।

ਇਹ ਕੌਮ ਵੀ ਸਿੱਖਾਂ ਵਾਂਗ ਦੁਨੀਆਂ ਦੀ ਘੱਟ ਗਿੱਣਤੀ ਕੌਮਾਂ ਵਿੱਚੋਂ ਇਕ ਹੈ।ਪਰ ਲਾਨਤ ਹੈ ਉਨ੍ਹਾਂ ਬੁੱਜ਼ਦਿਲ,ਸੈਲਫਿਸ਼,ਭੁੱਲੜ.ਗੱਦਾਰ ਅਤੇ ਅਖੌਤੀ ਸਿੱਖਾਂ ਉਤੇ ਜੋ ਕੌਮ ਲਈ ਕੁਰਬਾਨੀਆਂ ਕਰਣ ਵਾਲੇ ਜੁਝਾਰੂ ਨਾਇਕਾਂ ਨੂੰ ਸਨਮਾਨ ਦੇਣ ਅਤੇ ਉਨ੍ਹਾਂ ਦੀ ਮਹਾਨ ਗਾਥਾਵਾਂ ਤੋਂ ਕੌਮ ਨੂੰ ਵਾਕਫ ਕਰਵਾਉਣ ਦੀ ਥਾਂ ਸਰਕਾਰੀ ਪ੍ਰਚਾਰ ਦੇ ਪਰਭਾਵ ਹੇਠਾਂ ਉਨ੍ਹਾਂ ਨੂੰ ਅੱਤਵਾਦੀ ਹੀ ਕਹੀ ਜਾ ਰਹੇ ਹਨ।ਤਾਹੀਂ ਬੱਬੂ ਮਾਨ ਆਖਦਾ ਹੈ :-

" ਜੇਹੜਾ ਧਰਮ ਲਈ ਮਰਦਾ ਹੈ,ਉਸਨੂੰ ਕਿੱਥੇ ਯਾਦ ਕੋਈ ਕਰਦਾ ਹੈ।
ਜੇਹੜਾ ਪਾਵਰ ਵਿਚ ਹੁੰਦਾ ਹੈ,ਹਰ ਕੋਈ ਉਸਦਾ ਪਾਣੀ ਭਰਦਾ ਹੈ।"

ਕੀ ਇੰਝ ਕੌਮ ਲਈ ਮਰ ਮਿੱਟਨ ਜਾਂ ਅਜੋਕੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਗਿਆਨ ਖੜਗ ਤੇ ਸ਼ਮਸ਼ੀਰ-ਏ-ਕਲਮ ਰਾਹੀਂ ਕੌਮੀਂ ਗੈਰਤ,ਸਨਮਾਨ,ਹਕ,ਅਜ਼ਾਦੀ,ਲਈ ਵਿਚਰਨ ਵਾਲੇ ਸਿੱਖ ਜੁਝਾਰੂ ਮਾਨਸਿਕ ਤੋਰ ਤੇ ਮਜ਼ਬੂਤ ਰਹਿ ਸਕਣਗੇ ? ਕਿਸੇ ਸਮੇਂ ਬਹੁਤ ਵਡਾ ਰੋਮਨ ਸਾਮਰਾਜ ਹੁੰਦਾ ਸੀ ਪਰ ਹੁਣ ਕਿਤੇ ਨਜ਼ਰ ਨਹੀਂ ਆ ਰਿਹਾ। ਲੇਖਕ 'ਗਿਬਨ' ਇਸ ਦੇ ਕੁਝ ਕੁ ਕਾਰਨ ਇੰਝ ਬਿਆਨ ਕਰਦਾ ਹੈ :-

੧.ਕੇਂਦਰੀ ਹਕੂਮਤ ਦਾ ਅੰਨ੍ਹੇਵਾਹ ਖ਼ਰਚ ਕਰੀ ਜਾਣਾ।
੨.ਨੌਜਵਾਨਾਂ ਦਾ ਦੇਸ਼ ਲਈ ਹਥਿਆਰ ਚੁੱਕਣ ਤੋਂ ਕੰਨੀ ਕਤਰਾਉਣਾ।
੩.ਐਸ਼ਾਂ ਵਿਚ ਖਚਿਤ ਹੋ ਜਾਣਾ,ਵਿਭਚਾਰ ਅਤੇ ਜਿਨਸੀ ਭੁੱਖ ਦਾ ਵੱਧ ਜਾਣਾ।
੪.ਘਰ ਦੀ ਪਵਿੱਤਰਤਾ ਖਤਮ ਹੋ ਜਾਣੀ।
੫.ਨਜ਼ਾਕਤ ਤੇ ਮਰਦਊਪੁਣੇ ਦਾ ਖਤਮ ਹੋ ਜਾਣਾ।ਕੁੜੀਆਂ ਦਾ ਮਰਦਾਂ ਵਾਂਗ ਅਤੇ

ਮਰਦਾਂ ਦਾ ਔਰਤਾਂ ਵਾਂਗ ਵਿਚਰਨਾ।

੬.ਸਭ ਤੋਂ ਵੱਧ ਧਰਮ ਲਈ ਸਤਿਕਾਰ ਅਤੇ ਆਦਰ ਦਾ ਉੱਡ-ਪੁੱਡ ਜਾਣਾ।

ਅੱਜ ਕਿਤੇ ਸਾਡੀ ਵੀ ਏਹੀ ਹਾਲਤ-ਦਸ਼ਾ ਤਾਂ ਨਹੀਂ ?{ਧੰਨਵਾਦ ਬਤੀਹ ਸੁਲਖਣੀ}

ਲਾਲਾ ਧੌਲਤ ਰਾਏ ਹਿੰਦੂਆਂ ਦੀ ਗੁਲਾਮੀਂ ਦੇ ਮੁਖ ਕਾਰਣ ਇੰਝ ਬਿਆਨ ਕਰਦਾ ਹੈ:-

"ਹਿੰਦੂਆਂ ਦੀ ਬੇਹਿੰਮਤੀ,ਬੇਇਜ਼ਤੀ,ਖੁਦਗਰਜ਼ੀ,ਬੇਸਮਝੀ ਤੇ ਕਮ-ਅਕਲੀ ਦੇ ਕਾਰਨ ਲਭਿਆਂ ਇਹੋ ਹੀ ਦਿਸਦਾ ਹੈ ਕਿ ਉਹ ਬਾਰ-ਬਾਰ ਤੇ ਹਰ ਰੋਜ਼ ਵੇਖਦੇ ਸਨ ਕਿ ਉਹ ਇਕ ਇਕ ਕਰ ਕੇ ਸਾਰੇ ਤਬਾਹ,ਬਰਬਾਦ ਤੇ ਨਾਸ ਹੋ ਰਹੇ ਹਨ। ਲੱਖਾਂ ਕਤਲ ਹੁੰਦੇ ਸਨ ਅਤੇ ਗ਼ੁਲਾਮ ਬਣਦੇ ਸਨ।ਮੰਦਰ ਤੇ ਮੂਰਤੀਆਂ ਟੁੱਟ ਰਹੀਆਂ ਸਨ,ਫਿਰ ਵੀ ਇਕ ਦੂਜੇ ਦਾ ਤਮਾਸ਼ਾ ਵੇਖਣ ਦੀ ਹੀ ਰੁਚੀ ਸੀ ਤੇ ਕਿਸੇ ਨੂੰ ਇਹ ਸੁੱਝਦਾ ਨਹੀਂ ਸੀ ਕਿ ਜ਼ਰਾ ਮਿਲ ਕੇ ਦੁਸ਼ਮਣ ਦਾ ਟਾਕਰਾ ਕਰੀਏ। ਇਕੋ ਇਰਾਦਾ ਤੇ ਨਿਸ਼ਾਨਾ ਬਣਾ ਕੇ। ਟੁੱਟ ਕੇ ਜਾ ਪਈਏ ਅਤੇ ਉਸ ਨੂੰ ਨੁਕਸਾਨ ਪੁਹੁੰਚਾਈਏ।...ਹਰ ਕੋਈ ਆਪਣੇ ਆਪਣੇ ਵਿਚ ਹੀ ਮਸਤ ਰਿਹਾ ਤੇ ਅੰਤ ਸਾਰੇ ਹੀ ਖਤਮ ਹੋ ਗਏ...ਦੇਸ਼ ਵਿਚ ਹਨੇਰਾ ਛਾ ਗਿਆ ਰਾਜਪੂਤਾਂ ਦਾ ਤਾਂ ਇਹ ਹਾਲ ਹੋ ਗਿਆ ਕਿ ਉਹ ਆਪਣੀਆਂ ਧੀਆਂ ਦੇ ਡੋਲੇ ਮੁਸਲਮਾਨਾਂ ਨੂੰ ਦੇਣ ਵਿਚ ਹੀ ਆਪਣਾ ਫ਼ਖ਼ਰ ਸਮਝਣ ਲੱਗ ਪਏ।ਜਿਹੜਾ ਹਿੰਦੂ ਉਨ੍ਹਾਂ ਨਾਲ ਘਿਰਣਾ ਕਰੇ,ਉਸ ਨਾਲ ਉਹ ਹਿੰਦੂ ਰਾਜਪੂਤ ਹੀ ਭੈੜਾ ਸਲੂਕ ਕਰਨ ਲੱਗ ਪੈਂਦੇ ਸਨ।" {ਕਿਤਾਬ-ਸਾਹਿਬੇ ਕਮਾਲ ਵਿਚੋਂ}

ਖ਼ਾਲਸਾ ਜੀਓ ! ਆਉ ਆਪਣੀ ਕੌਮ ਦੇ ਮਹਾਨ ਸ਼ਹੀਦਾਂ ਦੀ ਸ਼ਹਾਦਤ ਦੀ ਪੜਚੋਲ ਕਰੀਏ "ਆਖ਼ਰ ਉਹ ਕਿਉਂ ? ਕਿਸ ਲਈ ? ਕਿਸ ਮਕਸਦ ਲਈ ਸ਼ਹੀਦ ਹੋਏ ? ਸਾਡਾ ਉਨ੍ਹਾਂ ਪ੍ਰਤੀ ਕੀ ਫਰਜ਼ ਬਣਦਾ ਹੈ ?ਕੀ ਉਨਾਂ ਦਾ ਕੋਈ ਫੀਊਚਰ ਜਾਂ ਪਰਵਾਰ ਨਹੀਂ ਸੀ ?ਗੁਰੂ ਸਾਹਿਬ ਸਾਨੂੰ ਕੀ ਬਣਾਕੇ ਗਏ ਸਨ ਅਤੇ ਅੱਜ ਅਸੀ ਕਿੱਥੇ ਖੜੇ ਹਾਂ ?ਕੀ ਪਹਿਚਾਨ ਹੈ ਸਾਡੀ ?ਅਜ ਸਾਡੇ ਆਗੂ ਕਿਹੋ ਜੇ ਹਨ ? ਇਨ੍ਹਾਂ ਦੀ ਚੋਣ ਕਿਸਨੇ ਕੀਤੀ ਹੈ ?ਕੀ ਇਹ ਸਾਡੇ ਗੁਰਦੁਆਰਿਆਂ ਅਤੇ ਜੱਥੇਬੰਦੀਆਂ ਦੇ ਆਗੂ ਬਨਣ ਦੇ ਕਾਬਲ ਹਨ ? ਕੀ ਇਹ ਕੌਮ ਦੇ ਮਸਲਿਆਂ-ਹਕ ਲਈ ਜਾਗਰੂਕ ਹਨ ?ਕੀ ਇਨ੍ਹਾਂ ਕਦੀ ਮਨੋਵਿਗਿਆਨਕ ਹਮਲੇ ਬਾਰੇ ਜਾਂ ਬਾਕੀ ਕੌਮੀਂ ਮਸਲਿਆਂ ਬਾਰੇ ਆਪਣਾ ਮੂੰਹ ਖੋਹਲਿਆ ਹੈ ?ਜੇ ਨਹੀਂ ਤਾਂ ਫਿਰ ਇਨ੍ਹਾਂ ਦਾ ਸਮਰਥਨ ਕਰਣ ਵਾਲੇ ਸਮੂਹ ਜੱਥੇਬੰਦੀਆਂ-ਡੇਰੇ-ਜੱਥੇਦਾਰ-ਪ੍ਰਦਾਨ-ਮੈਂਬਰ-ਸਮਰਥਕ ਸਭ ਜਿੰਮੇਵਾਰ ਹਨ। ਇਨਾਂ ਨੂੰ ਕੌਮ ਦੀ ਰਹਿਨੁਮਾਈ ਸੌਂਪ ਕੇ ਕੌਮ ਨੂੰ ਸ਼ਰਮਸ਼ਾਰ ਕਰਵਾਉਣ ਲਈ "।

ਜੇ ਸਾਡੇ ਅੰਦਰ ਕੌਮ ਪ੍ਰਤੀ ਥੋੜੀ ਬਹੁਤ ਵੀ ਇਮਾਨਦਾਰੀ ਹੈ ,ਤਾਂ ਸਾਰੇ ਰਲ ਮਿਲ ਕੇ ਜੱਥੇਬੰਦੀਆਂ ਧੜਿਆਂ ਜਾਤਾਂ-ਗੋਤਾਂ-ਇਲਾਕਿਆਂ ਦੀ ਵੰਡ ਤੋਂ ਉੱਤੇ ਉਠ ਕੇ ਕੌਮ ਤੇ ਹੋ ਰਹੇ ਚੌਂ ਪਾਸੜ ਹਮਲਿਆਂ ਦੇ ਜੁਆਬ ਵਿਚ ਜੁਟ ਜਾਈਏ। ਸਰਬਤ ਖਾਲਸਾ ਬੁਲਾਉਣ

ਅਤੇ ਹਰ ਵਿਵਾਦ-ਮਸਲੇ ਤੇ ਸਾਂਝੀ ਰਾਇ ਇਕੱਤਰ ਕਰਨ ਲਈ ਕੋਈ ਨੀਤੀ ਘੜਨ ਦਾ ਫੈਸਲਾ ਕਰੀਏ। ਜਿਸ ਨਾਲ ਕੌਮ ਨੂੰ ਨਿਰਾਸ਼ਾ ਦੇ ਗੇੜ ਵਿਚੋਂ ਬਾਹਰ ਕੱਢਿਆ ਜਾ ਸਕੇ। ਜੋ ਸਤਿੰਦਰ ਸਰਤਾਜ ਨੇ ਕਿਹਾ ਕਿੱਤੇ ਸੱਚ ਨਾ ਹੋ ਜਾਵੇ :-

"ਤੇਰਾ ਖ਼ੂਨ ਠੰਡਾ ਹੋ ਗਇਆ ਹੈ, ਖ਼ੋਲਦਾ ਨਹੀਂ ਹੈ,
ਇਹ ਤਾਂ ਵਿਰਸੇ ਦਾ ਮਸਲਾ, ਮਖ਼ੌਲ ਦਾ ਨਹੀਂ ਹੈ।
ਤੈਨੂੰ ਅਜੇ ਨਹੀਂ ਖਿਆਲ, ਪਤਾ ਉਦੋਂ ਹੀ ਲੱਗੂਗਾ,
ਜਦੋਂ ਆਪ ਹੱਥੀਂ ਚੋਇਆ ਸ਼ਹਿਦ,ਜ਼ਹਿਰੀ ਹੋ ਗਇਆ।"

ਗੁਰੂ ਫਤਹਿ।{ਮਨਮੋਹਨ ਸਿੰਘ {ਜੰਮੂ}}


# ਸਿੱਖ ਧਰਮ ਦੇ ਮਾਡਰਨ ਫਲਸਫੇ ਤੋ ਪ੍ਰਭਾਵਿਤ ਹੋ ਕੇ ਸਾਬਕਾ ਕੈਨੇਡੀਅਨ ਮੰਤਰੀ ਦੀ ਧੀ 'ਅਲੈਗਜੈਂਡਰਾ ਐਤਕਨ' ਸਿਰਦਾਰਨੀ ਹਰਵਿੰਦਰ ਕੌਰ ਬਣੀ।

{ਮੈਂ ਇਕੋ ਦਮ ਸਿੱਖ ਧਰਮ ਧਾਰਨ ਨਹੀਂ ਕੀਤਾ।ਪਹਿਲਾਂ ਮੈਂ ਇਸ ਬਾਰੇ ਅਧਿਐਨ ਕੀਤਾ।ਮੈਂ ਧਰਮਾਂ ਬਾਰੇ ਬਹੁਤ ਕੁਝ ਪੜਿਆ।ਮੈਂ ਪਹਿਲਾਂ ਯਹੂਦੀਆਂ ਦੀ ਇਕ ਸੰਪਰਦਾ ਕਾਬਾਲਾਹ ਬਾਰੇ ਅਧਿਐਨ ਕੀਤਾ।ਮੈਂ ਇਸਲਾਮ ਬਾਰੇ ਪੜ੍ਹਿਆ,ਬੁੱਧ ਮੱਤ ਬਾਰੇ ਪੜ੍ਹਿਆ,ਜਦੋਂ ੪ ਸਾਲ ਪਹਿਲਾਂ ਲੰਡਨ ਤੋਂ ਲਾਸ ਏਜਲਸ ਆ ਕੇ ਮੈਂ ਸਿੱਖ ਧਰਮ ਬਾਰੇ ਅਧਿਐਨ ਸ਼ੁਰੂ ਕੀਤਾ।ਮੇਰਾ ਨਵਾਂ ਨਾਮ ਮੇਰੀ ਜ਼ਿੰਦਗੀ ਦਾ ਪ੍ਰਤੀਕ ਹੈ ਜੋ ਕਿ ਮੈਂ ਇਕ ਸਿੱਖ ਵਜੋਂ ਸ਼ੁਰੂ ਕੀਤੀ ਹੈ।ਮੇਰੇ ਬਾਰੇ ਲੋਕ ਜੋ ਵੀ ਕੁੱਝ ਸੋਚਦੇ ਹੋਣ,ਪਰ ਮੈਂ ਇਸ ਜੀਵਨ ਵਿਚ ਬਹੁਤ ਖੁਸ਼ ਹਾਂ-ਹਰਵਿੰਦਰ ਕੌਰ।}

ਲੰਡਨ ਦੇ ਸਾਬਕਾ ਮੰਤਰੀ ਜੋਨਾਥਨ ਦੀ ਧੀ ਅਲੈਗਜੈਂਡਰਾ ਐਤਕਨ ਹੁਣ ਸਿੱਖ ਬਣ ਚੁਕੀ ਹੈ ਅਤੇ ਉਸ ਦਾ ਨਾ ਬੀਬੀ ਹਰਵਿੰਦਰ ਕੌਰ ਹੈ।ਪਿਛਲੇ ਦਿਨੀ ਇਸਦਾ ਅੰਨਦਕਾਰਜ ਭਾਈ ਇੰਦਰਜੋਤ ਸਿੰਘ ਨਾਲ ਅੰਮ੍ਰਿਤਸਰ ਵਿਖੇ ਹੋਇਆ। ਅਸੀ ਵੀ ਇਸ ਅੰਨਦਕਾਰਜ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਣਾ ਸੀ,ਪਰ ਕਿਸੇ ਕਾਰਣ ਹੋ ਨਾ ਸਕੇ ।

ਹਰਵਿੰਦਰ ਕੌਰ ਦੇ ਜੀਵਨ ਵਿਚ ਇਹ ਤਬਦੀਲੀ ਕਿਵੇਂ ਆਈ ? ਪੇਸ਼ ਹੈ।ਉਸ ਦੀ ਆਪਣੀ ਜ਼ੁਬਾਨੀ 'ਡੇਲੀ ਮੇਲ ਯੂਕੇ'ਵਲੋਂ ਕੀਤੀ ਗਈ ਗਲਬਾਤ।

" ਜੇ ਕੋਈ ਮੈਨੂੰ ਦਸ ਸਾਲ ਪਹਿਲਾਂ ਜਦੋਂ ਮੈਂ ਲੰਡਨ 'ਚ ਆਪਣੀ ਲਾਇਫ ਪਾਰਟੀ ਪ੍ਰੋਗਰਾਮਾਂ-ਮੌਜ ਮੱਸਤੀਆਂ ਵਾਲੇ ਜੀਵਨ ਵਿਚ ਬਿਤਾ ਰਹੀ ਸੀ।ਮੈਨੂੰ ਮੇਰੀ ਮੌਜ਼ੂਦਾ ਜ਼ਿੰਦਗੀ ਬਾਰੇ ਦੱਸਦਾ ਤਾਂ ਮੈਨੂੰ ਯਕੀਨ ਨਹੀਂ ਸੀ ਆਉਣਾ।ਜੇ ਕੋਈ ਇਹ ਦੱਸਦਾ ਕਿ ਤੂੰ ਸਿੱਖ ਧਰਮ ਧਾਰਨ ਕਰ ਲਵੇਂਗੀ ਅਤੇ ਆਪਣਾ ਨਾਂ ਬਦਲ ਕੇ ਹਰਵਿੰਦਰ ਕੌਰ ਰੱਖ ਲਵੇਗੀਂ ਤੇ ਆਪਣਾ ਵਿਆਹ ਇਕ ਸਿੱਖ ਨੋਜਵਾਨ ਨਾਲ ਕਰੇਗੀ ,ਜਿਸ ਨਾਲ ਮੈਂ ਇਕ ਵੀ ਲਫ਼ਜ਼ ਸਾਂਝਾ ਕਰਨ ਤੋਂ ਪਹਿਲਾਂ ਪਿਆਰ ਕੀਤਾ,ਤਾਂ ਮੈਂ ਹਸ ਹਸ ਦੂਹਰੀ ਹੋ ਜਾਣਾ ਸੀ।ਅਸਲ ਵਿਚ ਮੈਨੂੰ ਕਿਸੇ ਜੱਥੇਬੰਦਕ ਧਰਮ ਤੋਂ ਬਹੁਤ ਚਿੜ ਸੀ।ਇਹ ਮੈਨੂੰ ਬਹੁਤ ਭੈੜਾਂ ਲਗਦਾ ਸੀ। ਪਰ ਉਦੋਂ ਮੈਂ ਸਿੱਖ ਮਤ ਨੂੰ ਇਕ ਧਰਮ ਦੇ ਤੌਰ ਤੇ ਨਹੀਂ ਸੀ


ਭਾਈ ਇੰਦਰਜੋਤ ਸਿੰਘ & ਬੀਬੀ ਹਰਵਿੰਦਰ ਕੌਰ
ਕੈਲੀ ਸਿੱਖੀ ਤੋਂ ਪਹਿਲਾਂ
ਕੈਲੀ ਹੁਣ ਸਿੱਖੀ ਵਿਚ

ਜਾਣਦੀ,ਜੋ ਕਿਸੇ ਲਈ ਵੀ ਰੂਹਾਨੀਅਤ ਦਾ ਰਾਹ ਹੈ। ਅਸੀ ਕੰਪਿਊਟਰ ਯੁਗ ਵਿਚ ਰਹਿ ਰਹੇ ਹਾਂ ਜਿੱਥੇ ਜੀਵਨ ਤਣਾਪੂਰਨ ਹੁੰਦਾ ਜਾ ਰਿਹਾ ਹੈ।ਦੁਨੀਆਂ ਦੀ ਰਫ਼ਤਾਰ ਤੇਜ਼ ਹੋ ਰਹੀ ਹੈ ਅਤੇ ਲੋਕ ਅਣਾਅ ਤੋਂ ਰਾਹਤ ਚਾਹੁੰਦੇ ਹਨ।ਜਿਵੇਂ ਮੈਂ ਵੇਖਿਆਂ,ਤੁਹਾਡੇ ਕੋਲ ਦੋ ਹੀ ਵਿਕਲਪ ਹਨ ਪਹਿਲਾ ਇਹ ਕਿ ਤਣਾਅ ਤੋਂ ਛੁਟਕਾਰੇ ਲਈ ਕਿਸੇ ਡਰਗ ਡੀਲਰ ਕੋਲ ਜਾਓ,ਦੂਜਾ ਤੁਸੀ ਉਹ ਰਸਤਾ ਲੱਭ ਸਕਦੇ ਹੋ ਜੋ ਤੁਹਾਨੂੰ ਰੂਹਾਨੀਅਤ ਤੌਰ ਤੇ ਬਹੁਤ ਉਚਾ ਲੈ ਜਾਵੇ ।ਹਰੇਕ ਕੁਝ ਨਾ ਕੁਝ ਲਭਦਾ ਹੈ।ਮੈਂ ਇਹ ਕੁਦਰਤੀ ਉਚਾਈ ਸਿੱਖ ਧਰਮ ਵਿਚ ਲੱਭੀ ।ਪਰ ਮੈਂ ਇਕੋ ਦਮ ਸਿੱਖ ਧਰਮ ਧਾਰਨ ਨਹੀਂ ਕੀਤਾ।ਪਹਿਲਾਂ ਮੈਂ ਇਸ ਬਾਰੇ ਅਧਿਐਨ ਕੀਤਾ।ਮੈਂ ਧਰਮਾਂ ਬਾਰੇ ਬਹੁਤ ਕੁਝ ਪੜ੍ਹਿਆ।ਮੈਂ ਪਹਿਲਾਂ ਯਹੂਦੀਆਂ ਦੀ ਇਕ ਸੰਪਰਦਾ ਕਾਬਾਲਾਹ ਬਾਰੇ ਅਧਿਐਨ ਕੀਤਾ।ਮੈਂ ਇਸਲਾਮ ਬਾਰੇ ਪੜ੍ਹਿਆ,ਬੁੱਧ ਮੱਤ ਬਾਰੇ ਪੜ੍ਹਿਆ,ਜਦੋਂ ੪ ਸਾਲ ਪਹਿਲਾਂ ਲੰਡਨ ਤੋਂ ਲਾਸ ਏਜਲਸ ਆ ਕੇ ਮੈਂ ਸਿੱਖ ਧਰਮ ਬਾਰੇ ਅਧਿਐਨ ਸ਼ੁਰੂ ਕੀਤਾ।

ਇਸ ਦੌਰਾਨ ਮੈਂ ਸਿਮਰਨ ਕਰਨਾ ਸਿੱਖਿਆ।ਗੁਰੂ ਸਾਹਿਬਾਨ ਵਲੋਂ ਗੁਰਬਾਣੀ ਵਿਚ ਦਰਸਾਏ ਗਏ ਰੂਹਾਨੀਅਤ ਨਾਲ ਭਰਪੂਰ ਵਿਗਿਆਨਕ ਲਾਈਫ ਸਟਾਇਲ ਨੂੰ ਸਹੀ ਅਰਥਾਂ ਵਿਚ ਆਪਣੇ ਜੀਵਨ 'ਚ ਲਾਗੂ ਕਰਨ ਵਾਲੇ ਮੈਨੂੰ ਜਿੰਨੇ ਵੀ ਲੋਕ ਮਿਲੇ,ਉਹ ਬੜੇ ਹੀ ਖੁਸ਼ ਤਬੀਅਤ ਸਨ।ਜਿਸ ਨੇ ਮੈਨੂੰ ਇਹ ਸਚਾਈ ਜਾਨਣ ਲਈ ਮਜ਼ਬੂਰ ਕੀਤਾ।ਮੈਂ ਬਹੁਤ ਹੀ ਦਿਲਚਸਪ ਕਹਾਣੀਆਂ ਸੁਣੀਆਂ।ਇਸ ਲਾਈਫ ਸਟਾਇਲ ਨਾਲ ਨਸ਼ੀਲੇ ਪਦਾਰਥਾਂ ਦੇ ਆਦੀ ਲੋਕਾਂ ਦਾ ਜੀਵਨ ਬਿਲਕੁਲ ਬਦਲ ਗਿਆ।ਕੈਂਸਰ ਦੇ ਮਰੀਜ਼ ਠੀਕ ਹੋ ਗਏ,ਹਾਲਾਂਕਿ,ਮੇਰਾ ਜੀਵਨ ਅਜੇ ਕਿਸੇ ਅੱਤ ਤੇ ਨਹੀਂ ਸੀ ਪਹੁੰਚਿਆ,ਮੈਨੂੰ ਵੀ ਬਹੁਤ ਰਾਹਤ ਮਹਿਸੂਸ ਹੋਈ । ਕਿਉਂਕਿ ਜ਼ਿਆਦਾਤਰ ਲੋਕ ਖੁਸ਼ੀ ਚਾਹੁੰਦੇ ਸਨ।ਅਸੀ ਸਿਰਫ ਉਹੀ ਕਰਦੇ ਹਾਂ ਜੋ ਕਰ ਸਕਦੇ ਹਾਂ,ਭੱਜ ਨੱਠ ਦੀ ਜ਼ਿੰਦਗੀ ਵਿਚ ਅਸੀ ਵਕਤ ਦੇ ਪਿੱਛੇ ਦੌੜਦੇ ਹਾਂ,ਨਸ਼ੇ ਕਰਦੇ ਹਾਂ ਕਿਉਂਕਿ ਅਸੀ ਸਮਝਦੇ ਹਾਂ ਕਿ ਇਹੋ ਚੀਜ਼ ਸਾਨੂੰ ਖੁਸ਼ੀ ਦੇਵੇਗੀ ।ਮੈਂ ਦੁਨੀਆਂ ਦੇ ਕੁੱਝ ਸਭ ਤੋਂ ਅਮੀਰ ਲੋਕਾਂ ਨੂੰ ਜਾਣਦੀ ਹਾਂ,ਦੁਨੀਆਂ ਵਿਚ ਕੁੱਝ ਪ੍ਰਸਿੱਧੀ ਵਾਲੇ ਲੋਕਾਂ ਨੂੰ ਵੀ ਜਾਣਦੀ ਹਾਂ,ਦੁਨੀਆਂ ਵਿਚ ਸਭ ਤੋਂ ਵੱਧ ਕਾਮਯਾਬ ਲੋਕਾਂ ਨੂੰ ਵੀ ਜਾਣਦੀ ਹਾਂ ਅਤੇ ਦੁਨੀਆਂ ਵਿਚ ਸਭ ਤੋਂ ਬੁੱਧੀਮਾਨ{ਕਹੇਜਾਂਦੇ}ਲੋਕਾਂ ਨੂੰ ਵੀ ਜਾਣਦੀ ਹਾਂ।ਪਰ ਸਭ ਤੋਂ ਵੱਧ ਖੁਸ਼ ਉਹ ਲੋਕ ਹਨ ਜੋ ਰੂਹਾਨੀਅਤ ਦਾ ਰਾਹ ਅਖਤਿਆਰ ਕਰਦੇ ਹਨ।ਇਹ ਸਾਰਾ ਕੁੱਝ ਮੈਨੂੰ ਇਕੋ ਦਿਨ ਵਿਚ ਪ੍ਰਾਪਤ ਨਹੀਂ ਹੋਇਆ।ਇਹ ਇਕ ਬੜੀ ਸਹਿਜ ਪ੍ਰਕਿਰਿਆ ਸੀ।ਮੈਂ ਇਸ ਦੀ ਕਿਸੇ ਹੋਰ ਨਾਲ ਤੁਲਨਾ ਕਰਦੀ ਹਾਂ।ਜੋ {ਮਨੁੱਖ}ਕਦੀ ਜਿਮ ਨਹੀਂ ਜਾਂਦਾ,ਜੋ ਨਾਂਸਤੇ,ਲੰਚ ਅਤੇ ਡਿਨਰ ਵਿਚ ਚਿਪਸ ਅਤੇ ਚਾਕਲੇਟ ਕੇਕ ਖਾਂਦਾ ਹੈ।ਜੇ ਅਜਿਹਾ ਵਿਅਕਤੀ ਕਸਰਤ ਸ਼ੁਰੂ ਕਰਦਾ ਹੈ ਤਾਂ ਉਹ ਵੇਖੇਗਾ ਕਿ ਉਸ ਦਾ ਸ਼ਰੀਰ ਹੋਰ ਕਿਸਮ ਦੇ ਭੋਜਨ ਦੀ ਮੰਗ ਕਰਦਾ ਹੈ।ਉਹ ਹੋਰ ਪੌਸ਼ਟਿਕ ਭੋਜਨ ਖਾਣਾ ਸ਼ੁਰੂ ਕਰਦਾ ਹੈ ਕਿਉਂਕਿ ਉਸ ਨੂੰ ਇਹ ਪਤਾ ਲਗ ਜਾਂਦਾ ਹੈ ਕਿ ਉਸਦਾ ਸ਼ਰੀਰ ਰਿਸ਼ਟ ਪੁਸ਼ਟ ਕਿਵੇਂ

ਰਹਿੰਦਾ ਹੈ ਅਤੇ ਉਹ ਠੀਕ ਮਹਿਸੂਸ ਕਿਵੇਂ ਕਰਦਾ ਹੈ।ਮੈਂ ਵੀ ਇਸੇ ਤਰਾਂ ਸਿੱਖ ਮੱਤ ਬਾਰੇ ਮਹਿਸੂਸ ਕੀਤਾ।ਸਾਰਾ ਕੁੱਝ ਬਹੁਤ ਹੀ ਕੁਦਰਤੀ ਅਤੇ ਆਰਗਨਿਕ ਪ੍ਰਾਸੈਸ ਵਿਚ ਸੀ ।ਇਕ ਇਕ ਕਰਕੇ ਸਾਰਾ ਕੁੱਝ ਮਿਲਦਾ ਰਿਹਾ।

ਇਸ ਪ੍ਰਕਿਰਿਆ ਦੌਰਾਨ ਮੇਰੀ ਮਿਲਣੀ ਇੰਦਰਜੋਤ ਸਿੰਘ ਨਾਲ ਹੋਈ,ਜਿਸ ਨੂੰ ਪਹਿਲੇ ਦਿਨ ਤੋਂ ਹੀ ਮੈਂ ਆਪਣਾ ਪਤੀ ਕਹਿਣਾ ਸ਼ੁਰੂ ਕਰ ਦਿਤਾ ।ਇਕ ਸਾਲ ਪਹਿਲਾਂ ਮੈਂ ਉਸ ਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਕੰਪਲੈਕਸ ਵਿਚ ਛੱਤ ਉਪਰ ਮਿਲੀ ਸੀ।ਅਸੀ ਇਕ ਦੂਜੇ ਨੂੰ ਇਕ ਲਫਜ਼ ਵੀ ਨਾ ਬੋਲਿਆ,ਪਰ ਮੈਨੂੰ ਉਸ ਨਾਲ ਪ੍ਰੇਮ ਹੋ ਗਿਆ ।

੬ ਹਫਤੇ ਬਾਅਦ ਮੈਂ ਲਾਸ ਏਂਜਲਸ ਵਾਪਸ ਆ ਗਈ ।ਮੈਨੂੰ ਲੱਗਿਆ ਕਿ ਮੈਨੂੰ ਉਸ ਨੂੰ ਲੱਬਣ ਲਈ ਵਾਪਸ ਭਾਰਤ ਪੰਜਾਬ ਜਾਣਾ ਪਵੇਗਾ।ਇਸ ਲਈ ਮੈਂ ਇਸੇ ਤਰ੍ਹਾਂ ਹੀ ਕੀਤਾ।ਮੈਨੂੰ ਪਤਾ ਲੱਗਿਆ ਕਿ ਅਸੀ ਅਨੰਦਕਾਰਜ ਕਰਨ ਜਾ ਰਹੇ ਹਾਂ।ਮੈਂ ਇਸ ਦੀ ਵਿਖਿਆ ਨਹੀਂ ਕਰ ਸਕਦੀ ।ਮੇਰੇ ਦੋਸਤ ਅਤੇ ਪਰਿਵਾਰ ਵਾਲੇ ਇਸ ਵੱਲ ਧਿਆਨ ਦੇਂਦੇ ਹਨ ਕਿ ਮੈਂ ਖੁਸ਼ ਹਾਂ।ਮੇਰਾ ਨਵਾਂ ਨਾਮ ਮੇਰੀ ਜ਼ਿੰਦਗੀ ਦਾ ਪ੍ਰਤੀਕ ਹੈ ਜੋ ਕਿ ਮੈਂ ਇਕ ਸਿੱਖ ਵਜੋਂ ਸ਼ੁਰੂ ਕੀਤੀ ਹੈ।ਮੇਰੀ ਜੁੜਵਾ ਭੈਣ ਵਿਕਟੋਰੀਆਂ ਮੈਨੂੰ ਕਹਿੰਦੀ ਹੈ : ਮੈਂ ਤੈਨੂੰ ਕੀ ਕਹਿ ਕੇ ਬੁਲਾਵਾਂ ? ਲੋਕ ਜਿਵੇਂ ਪਸੰਦ ਕਰਦੇ ਹਨ ਮੈਨੂੰ ਬੁਲਾ ਸਕਦੇ ਹਨ,ਜਿਵੇਂ ਉਨ੍ਹਾਂ ਨੂੰ ਸੋਖਾ ਲਗਦਾ ਹੈ।ਮੈਂ ਇਹ ਉਮੀਦ ਨਹੀਂ ਕਰਦੀ ਕਿ ਮੇਰੇ ਮਿੱਤਰ ਮੈਨੂੰ ਐਲੀ ਕਹਿ ਕੇ ਬੁਲਾਉਣਾ ਬੰਦ ਕਰ ਦੇਣ ।

ਜਿਵੇਂ ਕਿ ਮੇਰੇ ਮਾਪੇ ,ਖਾਸ ਕਰਕੇ ਮੇਰੀ ਮਾਂ ਹਮੇਸ਼ਾ ਬਹੁਤ ਹੀ ਧਾਰਮਿਕ ਖਿਆਲਾਂ ਵਾਲੇ ਰਹੇ ਹਨ।ਇਕ ਜੋ ਮੇਰੇ ਡੈਡੀ ਨੇ ਮੈਨੂੰ ਦੱਸੀ,ਉਹ ਮੇਰੇ ਪੜਦਾਦੇ ਬਾਰੇ ਸੀ ।ਮੇਰੇ ਪੜਦਾਦਾ ਜੀ 'ਲਾਰਡ ਰਗਬੀ'ਨੇ ਕਾਫੀ ਸਮਾਂ ਪੰਜਾਬ ਵਿਚ ਬਿਤਾਇਆ ਹੈ ਜਿੱਥੋਂ ਦਾ ਇੰਦਰਜੋਤ ਹੈ।ਮੇਰੇ ਪੜਦਾਦਾ ਜੀ ੧੯੨੦ ਵਿਆਂ ਵਿਚ ਨਾਰਥ ਵੈਸਟ ਸੂਬੇ ਦੇ ਚੀਫ ਕਮਿਸ਼ਨਰ ਰਹੇ ਹਨ।ਇਹ ਮੇਰੇ ਲਈ ਮਾਣ ਵਾਲੀ ਗੱਲ ਹੈ।ਮੇਰੇ ਬਾਰੇ ਲੋਕ ਜੋ ਵੀ ਕੁੱਝ ਸੋਚਦੇ ਹੋਣ,ਪਰ ਮੈਂ ਇਸ ਜੀਵਨ ਵਿਚ ਬਹੁਤ ਖੁਸ਼ ਹਾਂ ”-ਹਰਵਿੰਦਰ ਕੌਰ ।

# ਪੰਜਾਬ ਨੂੰ ਚਰਿਤਰ ਹੀਣ ਬਨਾਉਣ ਦੀ ਸਾਜਿਸ਼...

ਜੱਦ ਵੀ ਦੇਸ਼ ਪੰਜਾਬ ਦੀ ਸਰਜ਼ਮੀਨ-ਏ-ਖ਼ਾਲਿਸਤਾਨ ਦੀ ਸੈਰ ਕਰਣ ਨਿਕਲਦੇ ਹਾਂ ਤਾਂ ਇੱਥੇ ਸਾਨੂੰ ਸੂਖਸ਼ਮ ਰੂਪ ਵਿਚ ਕਈ ਪ੍ਰਕਾਰ ਦੇ ਹਮਲਿਆਂ ਦੀ ਨਿਸ਼ਾਨਦੇਹੀ ਕਰਣ ਅਤੇ ਇਨ੍ਹਾਂ ਹਮਲਿਆਂ ਨੂੰ ਸਮਜਣ ਦਾ ਮੋਕਾ ਮਿਲਦਾ ਹੈ।ਇਨ੍ਹਾਂ ਵਿਚੋਂ ਬਹੁਤੇ ਹਮਲੇ ਅਜਿਹੇ ਹਨ ਜੋ ਸਿੱਖਾਂ ਨੂੰ ਦਿਮਾਗੀ ਅਤੇ ਧਰਮ ਪੱਖੋਂ ਖਤਮ ਕਰਣ ਲਈ ਕੀਤੇ ਜਾ ਰਹੇ ਹਨ।ਕਿਉਂਕਿ ਸਿੱਖਾਂ ਦਾ ਅਜ ਤਕ ਹਜ਼ਾਰਾਂ ਹਮਲਿਆਂ ਦੇ ਬਾਵਜੂਦ ਜਿਉਂਦੇ ਰਹਿਣ ਦਾ ਕਾਰਣ ਦੁਸ਼ਮਣ ਨੂੰ ਸਮਜ ਆਗਿਆਂ ਹੈ।ਹੁਣ ਸਿੱਖਾਂ ਨੂੰ ਸਿੱਖੀ,ਸਿੱਖ ਸਿੱਧਾਂਤ,ਸਿੱਖ ਕਲਚਰ,ਸਿੱਖ ਸੋਚ ਤੋਂ ਤੋੜਨ ਲਈ ਜੋ ਯਤਨ-ਹਮਲੇ ਕੀਤੇ ਜਾ ਰਹੇ ਹਨ ਉਨ੍ਹਾਂ ਵਿਚੋਂ ਇਕ ਹੈ ਅਸਲੀਲ ਫਿਲਮਾਂ ਦਾ ਪੰਜਾਬ ਵਿਚ ਖਾਸਕਰ ਸਿੱਖ ਇਲਾਕਿਆਂ ਵਿਚ ਕੀਤਾ ਜਾ ਰਿਹਾ ਪਸਾਰ।ਪੰਜਾਬ ਦੀ ਮਿੱਟੀ ਨਾਲ ਮੋਹ ਰੱਖਣ ਵਾਲਿਓ ਜ਼ਰਾ ਗੌਰ ਨਾਲ ਵਾਚਣਾ ਅਜ ਪੰਜਾਬ ਦਾ ਹਰ ਇਲਾਕਾ "ਪਠਾਨਕੋਟ, ਧਾਰੀਵਾਲ, ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ, ਮੁਕੇਰੀਆਂ, ਹੁਸ਼ਿਆਰਪੁਰ, ਨਵਾਂਸ਼ਹਿਰ, ਫਗਵਾੜਾ, ਟਾਂਡਾ, ਜਲੰਧਰ, ਲੁਧਿਆਣਾ, ਰੋਪੜ, ਪਟਿਆਲਾ, ਮੁਕਤਸਰ, ਜਲਾਲਾਬਾਦ...ਤਕਰੀਬਣ ਛੋਟੇ ਵਡੇ ਹਰ ਸ਼ਹਿਰ ਦੇ ਬਜਾਰਾਂ ਚੌਂਕਾਂ ਦੀਆਂ ਦਿਵਾਰਾਂ ਤੇ ਲੱਗੇ ਅਸ਼ਲੀਲ ਫਿਲਮਾਂ ਦੇ ਅਸ਼ਲੀਲ ਪੋਸ਼ਟਰ ਸਿੱਖਾਂ ਦੀ ਗੈਰਤ ਨੂੰ ਚੈਲੰਜ ਕਰ ਰਹੇ ਹਨ।ਹਰ ਹਫਤੇ ਨਵੀਂ ਅਸ਼ਲੀਲ ਫਿਲਮ ਦੇ ਨਵੇਂ ਪੋਸ਼ਟਰ ਸਿੱਖ ਜਵਾਨੀ ਤੇ ਸਾਈਕਲੋਜਿਕ ਅਟੈਕ ਕਰ ਰਹੇ ਹਨ।ਅਸੀ ਜੱਦ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਨਤਮਸਤਕ ਹੋਣ ਲਈ ਜਾਂਦੇ ਹਾਂ ਤਾਂ ਹਰ ਦਿਵਾਰ ਤੇ ਅਜਿਹੇ ਅਸ਼ਲੀਲ ਪੋਸਟਰ ਵੇਖ ਕੇ ਕਹਿਣ ਲਈ ਮਜ਼ਬੂਰ ਹੋ ਜਾਂਦੇ ਹਾਂ ਕਿ ਮੰਨੂੰਵਾਦੀ ਤਾਕਤਾਂ ਦੇ ਹਮਲਿਆਂ ਨੂੰ ਸਿੱਖ ਸਮਝਣ ਵਿਚ ਸਫਲ ਨਹੀਂ ਹੋ ਰਿਹਾ ਜੱਧ ਤਕ ਸਿੱਖ ਇਕ ਹਮਲੇ ਦੀ ਨਿਸ਼ਾਨ ਦੇਹੀ ਕਰਦਾ ਹੈ ਸ਼ਾਤਰ ਬ੍ਰਹਾਮਣੀ ਦਿਮਾਗ ਚੈਸ ਦੇ ਪਹਿਦੇ ਵਾਂਗ ਪਹਿਲੇ ਤੋਂ ਘੱੜਕੇ ਰੱਖੇ ਗਏ ਦੂਸਰੇ ਹਮਲੇ-ਪ੍ਰੋਗਰਾਮ ਨੂੰ ਲਾਗੂ ਕਰ ਦੇਂਦਾ ਹੈ।ਜ਼ਿਕਰਯੋਗ ਹੈ ਕਿ ਕਸ਼ਮੀਰ ਵਿਚ ਕਿਸੇ ਵੀ ਪ੍ਰਕਾਰ ਦੀ ਕੋਈ ਅਸ਼ਲੀਲ ਫਿਲਮ ਨਾ ਤਾਂ ਕਿਸੇ ਕੇਵਲ ਤੇ ਲਗ ਸਕਦੀ ਹੈ ਨਾ ਸਿਨਮੇ ਵਿਚ ਅਤੇ ਕੋਈ ਅਸ਼ਲੀਲ ਮੈਗਜੀਨ ਵੀ ਕਸ਼ਮੀਰ ਵਿਚ ਨਹੀਂ ਬਿਕ ਸਕਦਾ।ਪਰ ਇਹ ਪੰਜਾਬ ਦੇ ਹਰ ਸਟੇਸ਼ਨ-ਅੱਡੇ ਤੇ ਬਿਕ ਰਹੇ ਹਨ।

ਕਮਾਲ ਦੀ ਗਲ ਇਹ ਕਿ ਜਿਨ੍ਹਾਂ ਲੋਕਾਂ ਦਾ ਸਾਹਿਤ ਅਤੇ ਧਰਮ ਸੰਦੇਸ਼ ਕਾਮਸੂਤਰ ਗ੍ਰੰਥ, ਖਜੂਰਾਉ ਦੇ ਮੰਦਰ, ਦੇਵ ਪ੍ਰੱਥਾ, ਸ਼ਿਵਲਿੰਗ ਦੀ ਪੂਜਾ ਆਦਿ ......ਦੀ ਗਲ ਕਰਦਾ ਹੈ। ਉਨ੍ਹਾਂ ਲੋਕਾਂ ਦੀਆਂ ਜੱਥੇਬੰਦੀਆਂ ਨੇ ਵੀ ਜੰਮੂ ਵਿਚ ਪਹਿਲਾਂ ਇਕ ਮਿਸ਼ਨ ਤਹਿਤ ਹਜ਼ਾਰਾਂ ਪੱਥਰ ਗੱਡਕੇ ਮੰਦਰ ਸਥਾਪਤ ਕੀਤੇ ਤੇ ਫਿਰ ਜੰਮੂ ਨੂੰ ਮੰਦਰਾਂ ਦਾ ਸ਼ਹਿਰ ਐਲਾਨਿਆ ਅਤੇ ਫਿਰ ਜੰਮੂ ਵਿਚ ਅਸ਼ਲੀਲ ਫਿਲਮਾਂ ਤੇ ਪੋਸ਼ਟਰਾਂ ਤੇ ਪਾਬੰਧੀ ਲਗਵਾ ਦਿਤੀ ਹੈ।ਅਜ ਕਲ ਪੰਜਾਬ ਵਿਚ ਲਗਾਤਾਰ ਮੰਦਰਾਂ-ਕਬਰਾਂ-ਮਸਜਿਦਾਂ-ਚਰਚਾਂ ਦੀ ਗਿਣਤੀ ਵੱਧ ਰਹੀ ਹੈ।ਜਾਗੋ•ਮੇਰੇ ਦੇਸ਼ ਪੰਜਾਬ ਦਿਓ ਹਾਕਮੋਂ-ਜਾਗੋ ਅਤੇ ਅਵਾਂਮ ਨੂੰ ਜਗਾਓ।


छात्रा का अश्लील वीडियो बनाया; शिक्षक समेत 4 गिरफ्त

बियर में डाली गई थी नशे की गोली

चार दिन बाद गिरफ्त में आया अशोक

पुलिस के सामने कई चौंकाने वाले खुलासे


मिली 7 डायरियों से हुआ खुलासा

ढोंगी बाबा का देश भर में वेश्यावृत्ति का जाल

विदेशों सहित 500 महिलाएं हैं रैकेट में शामिल; गर्मियों में बाबा शिफ्ट कर लेता था वेश्यावृत्ति का कारोबार शिमला में; जालंधर की लड़की सोनू पंजाबन का नाम मुख्य दलाल के रूप में उछला

# ਕਵਿਤਾ

ਮੈਨੂੰ ਸਿੱਖ ਹੋਣ ਤੇ ਮਾਣ ਹੈ,
ਸਿੱਖੀ ਮੇਰੀ ਜਾਨ ਹੈ।
ਸਿੱਖ ਵਿਰਸਾ ਮੇਰੀ ਸ਼ਾਨ ਹੈ,
ਸਾਬਤ ਸੂਰਤ ਮੇਰੀ ਪਹਿਚਾਨ ਹੈ।
ਮੈਂ ਕਿਸੇ ਦੇ ਪੈਰ ਦੀ ਜੁੱਤੀ ਨਹੀਂ,
ਮੈਂ ਬੁਰਕੇ ਦੀ ਗੁਲਾਮ ਵੀ ਨਹੀਂ,
ਜੂਏ 'ਚ ਹਾਰਣ ਦਾ ਸੌਦਾ ਵੀ ਨਹੀਂ,
ਮੈਂ ਹੁਣ ਦਾਸੀ ਨਹੀਂ,ਦਲੇਰ ਕੌਰ ਹਾਂ।
ਹੁਣ ਬਘਿਆੜ ਨਹੀਂ,ਸਤਿਕਾਰ ਹਾਂ।
ਮੈਂ ਹੁਣ ਦਸਮੇਸ਼ ਪਿਤਾ ਦੀ ਧੀ ਹਾਂ।
ਮਾਤਾ ਸਾਹਿਬ ਕੌਰ ਦੀ ਪੁੱਤਰੀ ਹਾਂ।
ਸ਼ਹੀਦ ਦਾਦਾ ਜੀ ਦੀ ਪੋਤੀ ਹਾਂ।
ਸ਼ਹੀਦ ਦਾਦੀ ਮਾਂ ਦੀ ਲਾਡਲੀ ਹਾਂ।
ਬੇਗਮ,ਦੇਵੀ,ਦਾਸੀ,ਨਹੀਂ,ਸਿੰਘਣੀ ਹਾਂ।
ਕੌਰ ਹਾਂ,ਸਿਰਦਾਰਨੀ ਹਾਂ,
ਮੈਂ ਗੁਰੂ ਦਾ ਰੂਪ ਖ਼ਾਲਸਾ ਹਾਂ।
ਅਕਾਲ ਪੁਰਖ ਦੀ ਸੰਤ ਸਿਪਾਹੀ ਹਾਂ,
ਇਸੇ ਲਈ ਮਨਮੋਹਨ ਵੀਰ ਜੀ,
ਮੈਨੂੰ ਮਾਣ ਹੈ ਸਿੱਖ ਕਹਾਉਣ ਤੇ,
ਮੈਨੂੰ ਮਾਣ ਹੈ ਸਿੱਖ ਹੋਣ ਤੇ।





–ਮਨਮੋਹਨ ਸਿੰਘ ਜੰਮੂ।

# ਕਵਿਤਾ

ਧਰਤੀ ਅਕਾਸ਼ ਵੀ ਉਦੋਂ ਕੰਬ ਉਠਦੇ,
ਜਦ ਵਰਕਾ ਇਤਿਹਾਸ ਦਾ ਖੁੱਲਦਾ ਹੈ।
ਇਤਿਹਾਸ ਉਨ੍ਹਾਂ ਕੌਮਾਂ ਦਾ ਬਣਦਾ ਹੈ,
ਜਿਨ੍ਹਾਂ ਕੌਮਾਂ ਦਾ ਉੱਚਾ ਨਿਸ਼ਾਨ ਝੁਲਦਾ ਹੈ।
ਕੌਮ ਦਾ ਮਰਦ ਦਲੇਰ ਉਹੀ ਹੈ,
ਜੋ ਆਪਣੇ ਦਮ ਤੇ ਹਿੱਕ ਤਾਨ ਤੁਰਦਾ ਹੈ।
ਜਿਸ'ਚ ਆਪਣੇ ਦੇਸ਼/ ਕੌਮ ਲਈ ਜੱਜ਼ਬਾ ਨਹੀਂ,
ਉਹ ਮਰਦ ਨਹੀਂ ਸਿਰਫ ਇਕ ਮੁਰਦਾ ਹੈ।
ਕੁਰਬਾਨੀ ਵੀਰਾਂ-ਭੈਣਾਂ ਦੀ ਜ਼ਾਇਯਾ ਨਹੀਂ ਜਾਣ ਦੇਣੀ,
ਖ਼ੂਨ ਸ਼ਹੀਦਾਂ ਦਾ ,ਬੜੇ ਮਹਿੰਗੇ ਮੁੱਲ ਦਾ ਹੈ।
ਉਸ ਥਾਂ ਨੂੰ ਦੁਨੀਆਂ ਸਜਦਾ ਕਰਦੀ ਹੈ,
ਜਿੱਥੇ ਖ਼ੂਨ ਸ਼ਹੀਦਾਂ ਦਾ ਡੁੱਲਦਾ ਹੈ।

-ਮਲਕੀਤ ਸਿੰਘ ਕਠੂਆ।





# ਕਵਿਤਾ

ਕੁੜੀਆਂ ਕਿਹੜੀਆਂ ਮੁੰਡਿਆਂ ਤੋ ਜ਼ਿਆਦਾ ਖਾਂਦੀਆਂ,
ਕਿਉਂ ਕੁਖ ਵਿਚ ਹੀ ਮਾਰ ਮੁਕਾ ਦੇਂਦੇ ਧੀਆਂ।
ਕੱਟ ਲੈਂਦੀਆਂ ਜ਼ਿੰਦਗੀ ਹੱਸ-ਹੱਸ ਕੇ,
ਮਾਂ-ਪੇ ਜਿੱਥੇ ਵੀ ਦੇਣ ਵਿਆਹ ਧੀਆਂ।
ਰਬਾ ਵਸਦੇ ਰਹਿਣ ਮੇਰੇ ਪੇਕੇ ਘਰ,
ਸਦਾ ਮੰਗਦੀਆਂ ਰਹਿਣ ਸੁਖਾਂ ਧੀਆਂ।
ਪੇਕੇ ਤੇ ਫੇਰ ਸਹੁਰੇ ਘਰ ਸਵਾਰਦੀਆਂ,
ਦਸੋ ਲੋਕੋ ਕਿਨੂੰ ਆਪਣਾ ਕਹਿਣ ਧੀਆਂ?
ਕਿਹਨੂੰ ਮਾਂ ਕਹੋਗੇ?ਕਿਹਦੇ ਤੋਂ ਵੀਰਾ ਕਹਾਉਗੇ?
ਜੇ ਜੰਮਣ ਤੋਂ ਪਹਿਲਾਂ ਹੀ ਮਾਰਦੇ ਰਹੇ ਧੀਆਂ?
ਸ਼ੁੱਖਾਂ ਮੰਗਦੀਆਂ ਰਹਿਣ ਮਾਂ ਪਿਉ ਦੀਆਂ,
ਫੇਰ ਵੀ ਪੁੱਤਰਾਂ ਤੋਂ ਘੱਟ ਪਿਆਰੀਆਂ ਕਿਉਂ ਧੀਆਂ?
ਮੁਟਿਆਰ ਹੋਈ ਨੂੰ ਜਦ ਲੋਕੀ ਨਜ਼ਰਾਂ ਭਰਦੇ ਨੇ,
ਬੱਸ ਇਸੇ ਗਲੋਂ ਡਰ ਲਗਦਾ ਨਾ ਜੰਮਣ ਧੀਆਂ।
ਮਲਕੀਤ ਪੁੱਛਦਾ ਹੈ ਰਬਾ ਤੈਨੂੰ,
ਪੈਦਾ ਹੋਣੀਆਂ ਕਿਉਂ ਨੀ ਮਨਜ਼ੂਰ ਧੀਆਂ?


-ਮਲਕੀਤ ਸਿੰਘ ਕਠੂਆ।

# ਧੰਨਵਾਦ

## ਜਿਨ੍ਹਾਂ ਦੇ ਸਹਿਯੋਗ ਨਾਲ ਕਿਤਾਬ ਦੀ ਛਪਾਈ ਹੋਈ। ਉਨ੍ਹਾਂ ਦਾ ਧੰਨਵਾਦ

੧. ਸ੍ਰ. ਸਵਰਨ ਸਿੰਘ {ਉਦੋਕੇ}ਅੰਮ੍ਰਿਤਸਰ,
੨. ਸ੍ਰ. ਮਲਕੀਤ ਸਿੰਘ ਜੱਸਰੋਟਾ,ਸਸ
੩. ਸ੍ਰ. ਮਨਮੀਤ ਸਿੰਘ ਜੀ ਨੇ ਗੁਰਦੀਪ ਸਿੰਘ ਦੀ ਦਸਤਾਰਬੰਦੀ ਦੀ ਖੁਸ਼ੀ ਵਿਚ ਸੇਵਾ ਕੀਤੀ ।
੪. ਸ੍ਰ. ਕੁਲਦੀਪ ਸਿੰਘ, ਯੂਨਾਈਟਿਡ ਸਿੱਖ ਕੌਂਸਲ ਜੇ ਐਂਡ ਕੇ।
੫. ਸ੍ਰ. ਸੁਖਬੀਰ ਸਿੰਘ ਸੋਢੀ {ਰਾਜਾ ਵੀਰ}
੬. ਸ੍ਰ. ਰਵਿੰਦਰ ਸਿੰਘ ਕਸ਼ਮੀਰ ।
੭. ਸ੍ਰ. ਬਿਕਰਮ ਸਿੰਘ {ਕਸ਼ਮੀਰ}
੮. ਕੌਮੀਂ ਦਰਦ ਨੂੰ ਮੁਖ ਰਖਦਿਆਂ ਡਾਕਟਰ ਪਰਿਵਾਰ ਵਲੋਂ ।
੯. ਸ੍ਰ. ਮਨਕਮਲ ਸਿੰਘ ਜੰਮੂ
੧੦. ਸ੍ਰ. ਅਮਰਜੀਤ ਸਿੰਘ ਤਰਕੂਟਾਨਗਰ
੧੧. ਪਿੰਟੂ ਵੀਰ ਗੁਰੂ ਨਾਨਕ ਨਗਰ ।
੧੨. ਸਰਾਭਾ ਵੀਰ ਗਾਡੀਗੜ।

ਸਾਰੇ ਸਹਿਯੋਗੀਆਂ ਦਾ ਬਹੁਤ-ਬਹੁਤ ਧੰਨਵਾਦ ਹੈ ਅਤੇ ਬੇਨਤੀ ਹੈ ਕਿ ਹੋਰ ਕਈਂ ਕਿਤਾਬਚਿਆਂ ਦਾ ਮੈਟਰ ਤਿਆਰ ਹੈ ਜੇ ਕੋਈ ਵੀਰ-ਭੈਣ ,ਕੋਈ ਜੱਥੇਬੰਦੀ ਜਾਂ ਗੁਰੂਦੁਆਰਾ ਕਮੇਟੀ-ਸਭਾ ਅਜਿਹੀ ਕਿਤਾਬ ਨੂੰ ਛਪਾਉਣ ਲਈ ਸੇਵਾ ਕਰਨਾ ਚਾਹੁਨ ਤਾ ਉਹ ਸਾਡੇ ਨਾਲ ਸੰਪਰਕ ਕਰਣ ਜੇ ਇਨਾਂ ਕਿਤਾਬਚਿਆਂ ਵਿਚ ਉਨ੍ਹਾ ਨੂੰ ਕੋਈ ਕੰਮੀ ਪੇਸ਼ੀ ਜਾਂ ਕੁਝ ਚੰਗਾ ਲਗਦਾ ਤਾਂ ਵੀ ਸਾਨੂੰ ਜਰੂਰ ਦਸਣ ਧੰਨਵਾਦ ।ਪ੍ਰਕਾਸ਼ਕ ।




ਮਨਮੋਹਨ ਸਿੰਘ ਜੰਮੂ ਦੀ ਲਿਖਤ ਪੰਜਾਬ ਤੋਂ ਬਹਾਰ ਰਹਿੰਦੇ ਸਿੱਖਾਂ ਦੀ ਪਹਿਲੀ ਜੁਝਾਰੂ ਗਾਥਾ ਹੈ। 'ਸਫ਼ਰ-ਏ-ਸ਼ਹਾਦਤ' ਜਿਸ ਵਿਚ ਚੰਮਕੋਰ ਦੀ ਗੜੀ ਤੋਂ ਘਲੂਘਾਰਾ 1984 ਤਕ ਅਤੇ 84 ਤੋਂ 2001 ਤਕ ਸ਼ਹੀਦ ਹੋਏ ਜੰਮੂ ਕਸ਼ਮੀਰ ਦੇ ਸਿੱਖਾਂ ਦੀ ਸ਼ਹੀਦੀ ਤਵਾਰੀਖ਼ ਹੈ। ਇਸ ਤੋਂ ਇਲਾਵਾ ਰਿਆਸਤ ਵਿਚ ਸਿੱਖਾਂ ਦੇ ਹੋਏ ਕਤਲ-ਏ-ਆਮ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੀ ਵਿਸਥਾਰਕ ਜਾਨਕਾਰੀ ਸ਼ਾਮਲ ਹੈ।

**ਧੰਨਵਾਦ** ਜਿਨਾਂ ਨੇ ਕਿਤਾਬ :- ਮਨੋਵਿਗਿਆਨਕ ਹਮਲਾ 'ਸੋਆਲ ਕੌਮੀਂ ਗੈਰਤ ਦਾ' ਦੀ ਛਪਵਾਈ ਲਈ ਮਦਦ ਕੀਤੀ ਹੈ। ਉਮੀਦ ਹੈ ਤੁਸੀ ਹੋਰ ਕਿਤਾਬਾਂ ਦੀ ਛਪਵਾਈ ਲਈ ਇਸੇ ਤਰਾਂ ਕੋਮੀਂ ਫਰਜ ਅਦਾ ਕਰਦੇ ਰਹੋਗੇ ਅਤੇ ਲੇਖਕ ਨੂੰ ਹੋਰ ਵਦੀਆ ਲਿਖਣ ਦੀ ਪੇਰਣਾ ਅਤੇ ਕੌਮੀ ਚੇਤਨਾਂ ਲਈ ਵਿਢੇ ਗਏ ਕਲਮੀਂ ਸੰਘਰਸ਼ ਵਿਚ ਅਪਨੇ ਕੀਮਤੀ ਸੁਜਾਵ ਬਖਸ਼ ਕੇ ਨਿਵਾਜੋ ਗੇ।

## ਦਸਮੇਸ਼ ਯੂਥ ਆਰਗੇਨਾਇਜ਼ੇਸ਼ਨ ਜੰਮੂ ਕਸ਼ਮੀਰ{D.Y.O}

ਹੈਡ ਆਫਿਸ-
ਸ਼ਾਨ-ਏ-ਖ਼ਾਲਸਾ ਦਸਤਾਰ ਹਾਉਸ
ਡਿਗਿਆਨਾ ਨੈਸ਼ਨਲ ਹਾਈਵੇ
ਨੇੜੇ ਸੰਤ ਆਸ਼ਰਮ ਜੰਮੂ {180010}
ਜੰਮੂ ਕਸ਼ਮੀਰ ।
ਮੋਬਾਈਲ ਨੰਬਰ:-
09796448557,9858106367

smsjammu78@yahoo.in
www.shamsheerjk.wordpreess.com